੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ

# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ

Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੩੬ ਜਿਲਦ ੩੦ ੧੭-੨੩ ਸਤੰਬਰ ੨੦੨੦, ੨-੮ ਅੱਸੂ ੨੦੭੭ ਨਾਨਕਸ਼ਾਹੀ ਸੰਮਤ ੫੫੨

ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-

Issue 36 Volume 30, 17-23 September 2020

Yearly Subscription India 250/-, Abroad 2500/- and Life Membership India 2500/-, Abroad 25000/-


# ਨਿੱਗਰ ਉਸਾਰੀ

❖ ਭਾਈ ਸਾਹਿਬ ਭਾਈ ਵੀਰ ਸਿੰਘ

ਧਰਤੀ ਵਿਚੋਂ ਅਨੇਕਾਂ ਹੀ ਬ੍ਰਿੱਛ ਬੂਟੇ ਬਨਸਪਤੀ ਦੇ ਪੈਦਾ ਹੋਏ ਤੇ ਕਿੰਨਾ ਕਿੰਨਾ ਚਿਰ ਵਧ, ਮੌਲ ਫੁੱਲ ਫਲ ਕੇ ਅੰਤ ਧਰਤੀ ਵਿਚ ਹੀ ਮਿਲ ਗਏ। ਇਸ ਤਰ੍ਹਾਂ ਹਿੰਦੁਸਤਾਨ ਵਿਚ ਅਨੇਕਾਂ ਭਾਂਤਿ ਦੇ ਦਵੈਤ-ਵਾਦੀ, ਅਦ੍ਵੈਤ-ਵਾਦੀ, ਦ੍ਵੈਤਾ-ਦ੍ਵੈਤ ਵਾਦੀ ਮਤ ਪੈਦਾ ਹੋਏ, ਅਨੇਕ ਤਰ੍ਹਾਂ ਦੀਆਂ ਖ਼ੂਬੀਆਂ ਤੇ ਜ਼ਿੰਦਗੀ ਬਖਸ਼ ਹੁਲਾਰਿਆਂ ਨਾਲ ਲਹਿਰਾਏ, ਵਧੇ ਤੇ ਅੰਤ ਬ੍ਰਾਹਮਣੀ ਮਤ ਵਿਚ ਲੀਨ ਹੋ ਗਏ। ਜੋ ਮਤ ਉੱਠਿਆ ਸੀ ਇਸ ਲਈ ਉੱਠਿਆ ਸੀ ਕਿ ਓਹ ਜਨਤਾ ਵਿਚ 'ਜ਼ਿੰਦਗੀ' ਭਰੇ। ਫਿਲਾਸਫੀਆਂ ਅਰਥਾਤ ਗਿਆਨ ਤਾਂ ਪੁਸਤਕਾਂ ਤੇ ਪੰਡਤਾਂ ਦੇ ਦਿਮਾਗਾਂ ਵਿਚ ਕਦੇ ਵਧ ਤੇ ਕਦੇ ਘੱਟ ਵਸਦੇ ਹੀ ਰਹਿੰਦੇ ਹਨ, ਨਹੀਂ ਰਹਿੰਦਾ ਤਾਂ ਉਹਨਾਂ ਗਿਆਨਾਂ ਉਤੇ ਅਮਲ ਤੇ ਉਹਨਾਂ ਦੇ ਉਚੇ ਆਦਰਸ਼ ਦਾ ਆਤਮਾ ਵਿਚ ਸੁਰਜੀਤ ਲਹਿਰਾਉ, ਜਿਸ ਨੂੰ ਜ਼ਿੰਦਗੀ ਆਖਦੇ ਹਨ। ਇਹ ਉਚੇ ਆਚਰਣ ਤੇ ਉਚੇ ਆਦਰਸ਼ ਦਾ ਜੀਵਨ ਤਬਾਹ ਐਸ ਤਰ੍ਹਾਂ ਹੁੰਦਾ ਹੈ ਕਿ ਆਦਮੀ ਦਾ ਸੁਤੇ ਹੀ ਝੁਕਾਉ ਹਿਠਾਂਹ ਨੂੰ ਹੁੰਦਾ ਹੈ, ਇਰਦ ਗਿਰਦ ਦੀ ਸੋਹਬਤ ਤੇ ਲੋੜਾਂ ਹੋਰ ਹਿਠਾਹਾਂ ਨੂੰ ਲੈ ਜਾਂਦੇ ਹਨ।

ਜਦੋਂ ਆਚਰਣ ਤੇ ਆਦਰਸ਼ ਵਾਲੇ ਭਲੇ ਲੋਕ ਘਟ ਜਾਂਦੇ ਹਨ ਤਦੋਂ ਹੀ ਉਸ ਮਤ ਵਿਚ ਮੁਰਦੇਹਾਨ ਛਾ ਜਾਂਦੀ ਹੈ। ਫੇਰ ਨਿਰੀ ਸ਼ਰ੍ਹਾ ਨਿਰਾ ਗਿਆਨ ਤੇ ਚਰਚਾ ਵਾਦ ਰਹਿ ਜਾਂਦੇ ਹਨ। ਓਹ ਕੌਮ ਫੇਰ ਜੀਉਂਦੀ ਕੌਮ ਨਹੀਂ, ਕਿਉਂਕਿ ਉਹ ਦੂਸਰਿਆਂ ਵਿਚ ਅਮਲੀ ਜ਼ਿੰਦਗੀ ਭਰਨ ਦੀ ਤਾਕਤ ਗੁਆ ਬੈਠਦੀ ਹੈ। ਜੋ ਆਪ ਮੁਰਦਾ ਹੈ ਓਹ ਕਿਸੇ ਨੂੰ ਕੀਹ ਜਿਵਾ ਸਕਦਾ ਹੈ। ਜੋ ਕੌਮ ਜਾਂ ਜਿਸ ਕੌਮ ਦੇ ਪੈਰੋ ਦੂਸਰੇ ਆਦਮੀਆਂ ਵਿਚ ਜੀਵਨ ਨਹੀਂ ਭਰ ਸਕਦੇ, ਜੋ ਉਤਸ਼ਾਹ ਤੇ ਉਚਿਆਣ ਦੀ ਰੂਹ ਨਹੀਂ ਫੂਕ ਸਕਦੇ, ਓਹ ਜਿਹੇ ਦੁਨੀਆ ਪਰ ਹੋਏ ਜਿਹੇ ਨਾ ਹੋਏ।

ਹੁਣ ਆਓ ਆਪਣੇ ਵੱਲ:- ਬੇਦਾਗ ਉੱਚਾ ਆਚਰਣ ਅਰਥਾਤ ਸੱਚ ਤੇ ਨੇਕੀ ਦਾ ਪਵਿਤ੍ਰ ਜੀਵਨ ਅਰ ਪ੍ਰੇਮਾ ਭਗਤੀ ਦੇ ਉਤਸ਼ਾਹ ਤੇ ਏਕਾਗ੍ਰਤਾ ਦੀ ਸੀਤਲਤਾ ਨਾਲ ਭਰਿਆ ਮਨ, ਏਹ ਜੀਵਨ ਪਦ ਸਤਿਗੁਰੂ ਸਾਹਿਬਾਂ ਨੇ ਦਾਨ ਕਰਕੇ ਸਿੱਖ ਬਣਾਏ। ਦੇਖੋ ਭਗਤ ਲੋਕ ਅੱਗੇ ਬੀ ਹੈਗੇ ਸਨ, ਭਗਤੀ ਦੀ ਫਿਲਾਸਫੀ ਬੀ ਹੈਸੀ, ਵੇਦਾਂਤ ਬੀ ਹੈਸੀ, ਖਟ ਸ਼ਾਸਤ੍ਰ ਬੀ ਸਨ, ਪਰ ਓਹ ਜ਼ਿੰਦਗੀ ਬਖਸ਼ ਲਹਿਰਾ ਕਿੱਥੇ ਸੀ ਜੋ ਆਦਮੀ ਵਿਚ ਰੂਹ ਫੂਕ ਦੇਂਦਾ ਸੀ। ਜਿਸ ਨਾਲ ਆਦਮੀ ਦਾ ਮਨ ਤਾਂ ਕਿਤੇ ਰਿਹਾ ਸਰੀਰ ਤੇ ਸਰੀਰ ਦੇ ਚਿਹਨ ਚਕਰਾਂ ਵਿਚ ਹੁਲਾਸ ਤੇ ਠੰਢ ਤੇ ਪਿਆਰ ਭਰ ਦੇਂਦਾ ਸੀ। ਕਿੱਥੇ ਭਰਾ ਭਰਾ ਦਾ ਵੈਰੀ, ਕਿੱਥੇ ਪਰਾਏ ਭਲੇ ਲਈ ਘਰ-ਬਾਰ ਛੱਡ ਕੇ ਸੇਵਾ ਸੀਸ ਚੁੱਕ ਲੀਤੀ ਜਾਂਦੀ ਸੀ। ਪਿੰਡ ਪਿੰਡ ਮੁਰਦਾ ਸੀ। ਮਜਦੂਰ ਤੇ ਕਾਮੇਂ ਸਿਵਾ ਹਲ ਵਾਹ ਕੇ ਪੇਟ ਭਰਨ ਤੇ ਮਾਮਲਾ ਭਰਨ ਦੇ ਸਿਵਾ ਕੁਛ ਨਹੀਂ ਜਾਣਦੇ ਸਨ, ਓਥੇ ਪਿੰਡ-ਪਿੰਡ ਧਰਮਸਾਲ ਬਣ ਗਈ। ਓਥੇ ਹੁਣ ਅੰਮ੍ਰਿਤ ਵੇਲੇ ਤੇ ਸੰਝ ਵੇਲੇ ਓਹੋ ਰਾਹਕ, ਓਹੋ ਮੁਰਦਾ ਕਾਮੇਂ, ਓਹੋ ਬੇ-ਰਹਿਮ ਮਾਲਕ, ਇਕ ਫਰਸ਼ ਤੇ ਬੈਠਦੇ ਹਨ। ਵਾਹਿਗੁਰੂ! ਪਿਆਰ ਕਰਨ ਵਾਲੇ ਵਾਹਿਗੁਰੂ ਦੀ ਟੇਕ ਤੇ ਆਸਰੇ ਨਾਲ ਸੁਰਜੀਤ ਹੋਕੇ ਉਸ ਦਾ ਕੀਰਤਨ ਕਰਦੇ ਹਨ, ਮੱਥੇ ਖਿੜੇ ਹੋਏ ਹਨ, ਦਿਨ ਦੇ ਥਕਾਨ ਉਤਰ ਗਏ ਹਨ, ਵਡ ਛੁਟ, ਨਫਰੀ ਮਾਲਕੀ ਦੂਰ ਹੈ। ਇਕ ਵੀਰ ਬਣੇ ਹੋਏ ਪਿਆਰ ਨਾਲ ਖੁਸ਼ ਹਨ। ਖੁਸ਼ ਖੁਸ਼ ਘਰੀਂ ਜਾਂਦੇ ਤੇ ਖੁਸ਼ੀ ਨਾਲ ਰਾਤ ਬਿਸ੍ਰਾਮ ਕਰਦੇ ਹਨ, ਨੀਂਦ ਵਿਚ ਸੁਪਨੇ ਬੀ ਖੁਸ਼ੀ ਦੇ ਆਉਂਦੇ ਹਨ। ਦਿਨੇ ਹਲਾਂ ਦੇ ਮਗਰ ਹਨ। ਸਿਰ ਤੋਂ ਸੂਰਜ ਅਕਾ ਰਿਹਾ ਹੈ। ਮੁੜ੍ਹਕਾ ਅੱਡੀਆਂ ਤੱਕ ਚੋ ਰਿਹਾ ਹੈ। ਬਾਹਾਂ ਤੇ ਲੱਤਾਂ ਥੱਕ ਰਹੀਆਂ ਹਨ, ਪਰ ਦਿਲ ਵਿਚ ਉਤਸ਼ਾਹ ਹੈ ਤੇ ਗੁਰਬਾਣੀ ਦੀਆਂ ਤੁਕਾਂ ਗਾ ਰਹੇ ਹਨ ਅਰ ਥਕਾਨ ਥਕਾਨ ਨਹੀਂ ਲਗਦਾ। ਓਧਰੋਂ ਬ੍ਰਿੱਛਾਂ ਵਿਚੋਂ ਬੇ-ਫਿਕਰ ਪੰਛੀਆਂ ਦੇ ਮਿੱਠੇ ਸੋਹਿਲੇ ਸੁਣਾਈ ਦਿੰਦੇ ਹਨ। ਇਧਰ ਪਿਆਰ ਕਰਨ ਵਾਲੇ ਵਾਹਿਗੁਰੂ ਦੇ ਆਸ਼੍ਰਿਤ ਹੋ ਗਏ ਮਨੁੱਖਾਂ ਦੇ, ਇਕੋ ਟੇਕ ਵਿਚ ਮਸਤ ਮਨੁੱਖਾਂ ਦੇ ਕੀਰਤਨ ਦੇ ਸੋਹਿਲੇ ਸੁਣਾਈ ਦੇ ਰਹੇ ਹਨ। ਪਿੰਡ ਤੇ ਪਿੰਡ ਦੀ ਜੂਹ ਬੈਕੁੰਠ ਬਣ ਰਹੀ ਹੈ। ਜਿੱਧਰ ਤੱਕੋ ਹਸਮੁਖ ਚਿਹਰੇ, ਆਪੋ ਵਿਚ ਇਤਬਾਰ ਭਰੋਸਾ ਕਰਨ ਵਾਲੇ, ਪਿਆਰ ਕਰਨ ਵਾਲੇ, ਦੁਖ ਸੁਖ ਵਿਚ ਸੇਵਾ ਕਰਨ ਵਾਲੇ

## ਅੰਦਰ


- ਗੁਰੂ ਨਾਨਕ ਬਾਣੀ 'ਚ ਅਧਿਆਤਮਕ ਚੇਤਨਾ 3
- ਸੰਤ ਬਿਮਲਾ ਸਿੰਘ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ 5
- Dr. Amrik Singh: A Quintessential Teacher 7
- ਸੌ ਸਾਲ ਪਹਿਲਾਂ : ਹਿਜ਼ ਆਨਰ ਜੀ ਦੇ ਧਜਾਨ ਯੋਗ... 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਦੇਵਤੇ ਧਰਤੀ ਤੇ ਵਿਚਰ ਰਹੇ ਹਨ। ਘਰ ਘਰ ਵਿਚ ਤੇ ਪਿੰਡ ਪਿੰਡ ਵਿਚ 'ਜੀਵਨ' ਦੀ ਰੌ ਬਾਬੇ ਸਤਿਗੁਰ ਨਾਨਕ ਨੇ ਚਲਾ ਦਿਤੀ ਹੈ। ਪੰਡਤਾਂ ਦੇ ਮਗਜ਼ ਤੇ ਸ਼ਾਸਤ੍ਰਾਂ ਦੇ ਪੱਤਰੇ ਇਹ ਕੰਮ ਨਹੀਂ ਕਰ ਸਕਦੇ ਸਨ।

ਪਰ ਅਜ ਤੱਕੋ ਕੀਹ ਇਹ ਜੀਵਨ ਸਾਡੇ ਵਿਚ ਹੈ? ਸਾਡੇ ਵਿਚ ਮੁਰਦਾਪਨ ਦੀ ਲਹਿਰ ਪਛਾੜ ਹੋ ਰਹੀ ਹੈ। ਅਸੀਂ ਕੁਛ ਤਾਂ ਰਾਜ ਵੇਲੇ ਮਦ ਵਿਚ ਆ ਗਏ, ਡੋਗਰਾ ਗਰਦੀ ਦੀ ਸੋਹਬਤ ਨੇ ਸਾਡੇ ਆਚਰਣ ਨੂੰ ਹਿਠਾਹਾਂ ਉਤਾਰਿਆ ਤੇ ਬ੍ਰਾਹਮਣੀ ਮਤ ਦੀ ਸੋਹਬਤ ਨੇ ਸਾਡੇ ਮਨ ਵਿਚ ਵਸਦੇ ਜ਼ਿੰਦਗੀ ਦੇ ਵਲਵਲਿਆਂ ਨੂੰ ਫੋਕੀ ਮਸਲਾਬਾਜ਼ੀ ਤੇ ਪੰਡਤਾਈ ਦੇ ਮਗਰ ਲਗਣ ਜੋਗਾ ਕਰ ਦਿੱਤਾ। ਉਹ ਸ਼ੈ, ਜਿਸ ਨੂੰ ਜੀਵਨ ਕਹੀਦਾ ਹੈ ਹੱਥੋਂ ਤਿਲਕ ਗਈ। "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥" (ਅੰਗ ੭੪੯)

ਇਸ ਤੁਕ ਵਿਚ ਦੱਸੇ 'ਜੀਅ ਦਾਨ' ਨੇ ਜੋ ਸਤਿਗੁਰੂ ਸਾਹਿਬਾਂ ਨੇ ਸਾਨੂੰ ਬਖਸ਼ਿਆ ਸੀ, ਸਾਥੋਂ ਲੜ ਛੁਡਾਇਆ। ਅਸੀਂ ਡਿੱਗੇ, ਡਿਗਦੇ ਡਿਗਦੇ ਹਿਠਾਹਾਂ ਹਿਠਾਹਾਂ ਹੀ ਟੁਰੀ ਗਏ। ਅੰਤ ਫੇਰ ਵਕਤ ਆਇਆ ਕਿ ਸਾਡੇ ਵਿਚ ਆਪਣੇ ਡਿੱਗੇ ਹੋਣ ਦਾ ਚੇਤਾ ਆਇਆ ਤੇ ਏਸ ਚੇਤੇ ਨੇ ਪਛੁਤਾਵਾ ਆਂਦਾ ਅਰ ਪਛੁਤਾਵੇ ਨੇ ਹਿੰਮਤ ਆਂਦੀ ਤੇ ਸਿੰਘ ਸਭਾਵਾਂ ਬਣੀਆਂ। ਸਿੱਖ ਭਰਾਵਾਂ ਨੇ ਪਹਿਲੇ ਕੌਮ ਕੌਮ ਕੂਕਿਆ, ਫੇਰ ਸਮਝ ਆਈ ਕਿ ਆਚਰਣ ਬਿਨਾਂ ਕੌਮ ਕੀਹ, ਤਦ ਆਚਰਣ ਵਲ ਖਿਆਲ ਪਿਆ। ਇਸ ਖਿਆਲ ਨੇ ਦੱਸਿਆ ਕਿ ਧਰਮ ਦੇ ਜੀਵਨ ਬਿਨਾ ਆਚਰਣ ਪੱਕਾ ਕਿਵੇਂ ਬੀ ਨਹੀਂ ਹੋ ਸਕਦਾ, ਤਦੋਂ ਧਰਮ ਵਲ ਰੁਚੀ ਪਈ। ਏਸ ਰੁਚੀ ਨੇ ਦੱਸਿਆ ਕਿ:- "ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥" ਫੇਰ ਵਿੱਦਿਆ ਵਲ ਖਿਆਲ ਪਿਆ ਅਰ ਸਿਆਣਿਆਂ ਨੇ ਸੋਚਿਆ ਕਿ ਜੇ ਵਿੱਦਿਆ ਤੇ ਧਰਮ ਸਿੱਖਿਆ ਰਲਕੇ ਬਚਿਆਂ ਨੂੰ ਪ੍ਰਦਾਨ ਹੋਵੇ ਤੇ ਸਾਰੇ ਬੱਚੇ ਏਸ ਤਰ੍ਹਾਂ ਪਲਣ ਤਾਂ ਧਰਮ ਦਾ ਪਿਆਰ, ਆਚਰਣ ਦਾ ਸੁਧਾਰ ਹੋਵੇਗਾ ਅਰ ਜੀਵਨ ਦੀ ਰੌ ਫੇਰ ਸਤਿਗੁਰਾਂ ਦੀ ਮਿਹਰ ਨਾਲ ਰੁਮਕ ਪੈਣ ਦੀ ਪੱਕੀ ਆਸ ਹੋ ਸਕਦੀ ਹੈ। ਇਸ ਲਈ ਥਾਂ ਥਾਂ ਤੇ ਆਸ਼੍ਰਮ ਤੇ ਸਮਾਗਮ ਸ਼ੁਰੂ ਹੋਏ। ਗਲ ਕੀਹ, ਅਖੀਰ ਸਿੱਖ ਵਿਦਿਅਕ ਸਭਾ (ਕਾਨਫ੍ਰੰਸ) ਬਣੀ। ਇਸ ਦੇ ਚਾਰ ਸਮਾਗਮ ਹੁਣ ਤਕ ਕਾਮਯਾਬੀ ਨਾਲ ਹੋ ਚੁਕੇ ਹਨ।

ਐਤਕੀ ਦੇ ਸਮਾਗਮ ਵਿਚ ਖਿਆਲ ਪਿਆ ਕਿ ਅਸੀਂ ਇਕ ਗ਼ਰੀਬ ਕੌਮ ਹਾਂ ਅਰ ਸਾਡੇ ਭਰਾ ਅਕਸਰ ਜ਼ਿਮੀਂਦਾਰੀ ਵਿਚ ਪਿੰਡੀਂ ਥਾਂਈਂ ਵੱਸਦੇ ਹਨ ਜੋ ਵਿੱਦਿਅਕ ਕੇਂਦਰਾਂ ਤੋਂ ਦੂਰ ਹਨ। ਉਹ ਜੇ ਦੁਖੀ ਰਹਿਣ ਅਰਥਾਤ ਜੇ ਉਹਨਾਂ ਦੀ ਕਮਾਈ ਵਿਚ ਲੋੜਾਂ ਪੂਰਨ ਜੋਗਾ ਵਾਧਾ ਨਾ ਹੋਵੇ, ਉਹਨਾਂ ਨੂੰ ਆਪਣੇ ਆਚਰਣ ਉੱਚੇ ਕਰਨ ਜੋਗੀ ਸੂਝ ਨਾ ਪਵੇ, ਉਹਨਾਂ ਨੂੰ ਸਤਿਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਨਾਲ ਆਪ ਗੱਲਾਂ ਕਰਨ ਜੋਗੀ ਸਮਰਥਾ ਨਾ ਮਿਲੇ ਤਦ ਤਕ ਕੌਮ ਵਿਚ 'ਜੀਵਨ' ਦੀ ਰੌ ਕਿਸ ਤਰ੍ਹਾਂ ਪੈਦਾ ਹੋਣ ਦੀ ਆਸ ਹੋ ਸਕਦੀ ਹੈ। ਧਰਮਸਾਲ ਜੋ ਪਿੰਡ ਵਿਚ ਇਕ ਚਾਨਣਾ ਘਰ ਤੇ ਸੁਖ ਦਾ ਮੰਦਰ ਹੈ, ਜੇ ਹੁਣ ਨਿਰਾ ਪ੍ਰਾਹੁਣੇ ਖਾਨਾਂ, ਜੰਞ ਘਰ, ਡੰਗਰ ਬੰਨ੍ਹ ਹਵੇਲੀ, ਦਾਣੇ ਤੂੜੀ ਸਾਂਭ ਕੋਠਾ ਤੇ ਭੰਗ ਰਗੜਿਆਂ ਦਾ ਮਦ ਖਾਨਾ ਤੇ ਆਲਸੀਆਂ ਦਾ ਅੱਡਾ ਬਣ ਰਹੀ ਹੈ ਮੁੜਕੇ ਆਪਣੇ ਅਸਲੇ ਵਲ ਫਿਰੇ ਅਰ ਓਹੋ ਚਾਨਣਾ ਘਰ ਤੇ ਸੁਖ ਮੰਦਰ ਤੇ ਵਾਹਿਗੁਰੂ ਲਾਲਾਂ ਦਾ ਪਿੜ ਬਣੇ, ਤਦ ਸੁਧਾਰ ਹੋ ਸਕਦਾ ਹੈ। ਪਿੰਡ ਪਿੰਡ ਵਿਚ ਮੁੱਢ ਦੀ ਵਿੱਦਿਆ ਦਿੱਤੀ ਜਾਵੇ। ਇਸ ਵਿੱਦਿਆ ਦੇ ਸਿੱਖਣ ਵਾਲਿਆਂ ਵਿਚੋਂ ਫੇਰ ਨਗਰਾਂ ਵਿਚ ਜਿੰਨਾ ਚਿਰ ਵਧਵੀਂ ਵਿੱਦਿਆ ਵਲ ਨਿਕੀਆਂ ਮੋਟੀਆਂ ਕੱਸੀਆਂ ਨਾ ਟੁਰ ਪੈਣ ਤਦ ਤਕ ਸਾਰੀ ਕੌਮ ਵਿਚ ਵਿੱਦਿਆ ਦਾਤੇ ਪਵਿਤ੍ਰ ਉਤਸ਼ਾਹ ਦਾ ਖ਼ਮੀਰ ਨਹੀਂ ਲਗ ਸਕਦਾ। ਇਸੇ ਕਰਕੇ ਸਾਡੇ ਮੁਖੀਆਂ ਨੇ ਕੌਮੀ ਫੰਡ ਦੀ ਨੀਂਹ ਧਰੀ ਜੋ ਇਸ ਤੋਂ ਵਿਦਜਾ ਤੇ ਧਰਮ ਦਾ ਪ੍ਰਚਾਰ ਵੱਧ ਤੋਂ ਵੱਧ ਹੋ ਸਕੇ।...

ਸਾਨੂੰ ਹੋਰਨਾਂ ਔਕੜਾਂ ਤੋਂ ਇਲਾਵਾ ਇਕ... (ਅਨਮਤੀਆਂ) ਦੀ ਮੁਖਾਲਫਤ ਨਾਲ ਟਾਕਰਾ ਵੀ ਹੈ। ਉਹ ਅੰਦਰੋਂ ਬਾਹਰੋਂ ਜੋ ਕੁਝ ਕਰਦੇ ਹਨ ਸੋ ਤਾਂ ਹੈ, ਹੁਣ ਉਹ ਓਹੋ ਪੁਰਾਣੇ ਹਮਲੇ, ਉਹੋ ਪੁਰਾਣੇ ਪੀਠੇ ਨਿੰਦਿਆ ਦੇ ਵਾਕ ਬਾਰ ਬਾਰ ਤੇ ਹਰ ਆਪਣੇ ਅਖਬਾਰ ਵਿਚ ਛਾਪਦੇ ਰਹਿੰਦੇ ਹਨ। ਉਹਨਾਂ ਦਾ ਤਾਤਪਰਜ ਸਾਨੂੰ ਸਿੱਖਾਂ ਨੂੰ ਨਿਰਾ ਦੁਖਾਉਣ ਦਾ ਨਹੀਂ ਹੈ। ਪਰ ਸਾਡੀ ਤਵੱਜੋ ਤੇ ਸਾਡਾ ਧਿਆਨ ਨਿੱਗਰ ਉਸਾਰੀ ਵਲੋਂ ਹਟਾ ਕੇ ਆਪਣੇ ਚਰਚਾ ਵਾਦ ਵਿਚ ਰੁਝਾ ਦੇਣ ਦਾ ਹੈ, ਤਾਂ ਜੋ ਅਸੀਂ ਉਸਾਰੀ ਦਾ ਕੰਮ ਕਰਨੋਂ ਉੱਕ ਜਾਈਏ।

ਸ਼ੇਖ ਸਾਅਦੀ ਨੇ ਆਖਿਆ ਸੀ ਕਿ ਜੋ ਪੁਰਖ ਸ਼ਹਿਰ ਵਿਚ ਜਾ ਵੜੇ ਤੇ ਉਸ ਦੇ ਖੀਸੇ ਵਿਚ ਮੋਤੀ ਹੋਣ ਤਾਂ ਉਹ ਜ਼ਰੂਰ ਲੁਟਾ ਆਵੇਗਾ, ਕਿਉਂਕਿ ਓਸ ਦਾ ਧਿਆਨ ਸ਼ਹਿਰ ਦੀਆਂ ਰੌਣਕਾਂ ਵਿਚ ਰੁੱਝ ਜਾਣਾ ਹੈ ਤੇ ਸਦਾ ਜਾਗਦੇ ਖੀਸਾ ਕਤਰੂਆਂ ਨੇ ਆਪਣਾ ਕੰਮ ਕਰ ਜਾਣਾ ਹੈ। ਇਕ ਹੋਰ ਕਹਾਣੀ ਸਿਖਿਆ ਦਾਤੀ ਹੈ ਕਿ ਇਕ ਲੂੰਮੜੀ ਨੇ ਕਿਸੇ ਪੰਛੀ ਤੋਂ ਪਨੀਰ ਦਾ ਟੁਕੜਾ ਜੋ ਓਸ ਦੇ ਮੂੰਹ ਵਿਚ ਸੀ ਖੋਹਣਾ ਚਾਹਿਆ, ਤਦ ਓਸ ਨੇ ਓਸ ਪੰਛੀ ਦਾ ਧਿਆਨ ਗਾਉਣ ਵਲ ਪਾ ਦਿਤਾ, ਜਦੋਂ ਉਹ ਪੰਛੀ ਰਾਗ ਅਲਾਪਣ ਲੱਗਾ ਤਾਂ ਪਨੀਰ ਦਾ ਟੁਕੜਾ ਓਸ ਦੇ ਮੂੰਹ ਤੋਂ ਆਪੇ ਹੀ ਢੈਹ ਪਿਆ। ਇਸੇ ਤਰ੍ਹਾਂ ਜੇ ਅਸਾਂ ਨਿਰਾ ਇਕੋ ਪਾਸੇ ਰੁੱਝ ਕੇ ਧਿਆਨ ਨੂੰ ਨਿਗਰ ਉਸਾਰੀ ਵਲੋਂ ਮੋੜਿਆ ਤਾਂ ਅੰਤ ਹਾਨੀ ਹੈ।

ਸਿੱਖੀ ਇਸ ਲਈ ਹੈ ਕਿ ਸੰਸਾਰ ਵਿਚ ਸੁਖੀ ਵੱਸਣਾ ਬੈਕੁੰਠੀ ਜੀਵਨ ਬਿਤੀਤ ਕਰਨਾ ਸਿਖਾਵੇ ਤੇ ਅੱਗੇ ਸੁਰਖਰੂ ਹੋ ਜਾਣ ਦੀ ਜਾਚ ਦੱਸੇ, ਤੇ ਇਹ ਨਿੱਗਰ ਉਸਾਰੀ ਦਾ ਕੰਮ ਹੈ। ਇਸ ਲਈ ਸਾਨੂੰ ਇਸ ਪਾਸੇ ਤੋਂ ਬੇਧਿਆਨ ਹੋ ਜਾਣਾ ਪਿਛਾਹਾਂ ਧੱਕੇਗਾ, ਅੱਗੇ ਨਹੀਂ ਲੈ ਜਾਏਗਾ। ਦੁਸ਼ਮਣ ਤੋਂ ਸੁਰਜੀਤ ਰਹਿਣਾ ਤੇ ਬਚਣਾ ਬੜਾ ਜ਼ਰੂਰੀ ਹੈ। ਪਰ ਘਰ ਦਾ ਪ੍ਰਬੰਧ, ਮਿਹਨਤ, ਆਮਦਨ ਤੇ ਦਰੁਸਤੀ ਅਰ ਕਾਇਮੀ ਜੇ ਵਿਸਾਰ ਦੇਣੀ ਹੈ ਤਾਂ ਦੁਸ਼ਮਣ ਤੋਂ ਰੱਖਿਆ ਕਿਸ ਗਲ ਦੀ ਕਰਨੀ ਹੈ?

ਅਸਲ ਵਿਚ ਸਿੱਖ ਕਿਸੇ ਨੂੰ ਦੁਸ਼ਮਣ ਨਹੀਂ ਜਾਣਦਾ। ਜੇ ਸਿੱਖ ਨਿੱਗਰ ਉਸਾਰੀ ਦਾ ਕੰਮ ਕਰੇ, ਆਪਣੀ ਓਟ ਦੇ ਆਸਰੇ ਆਪ ਖੜੋਵੇ ਤੇ ਸਤਿਗੁਰੂ ਦੀ ਟੇਕ ਉਸ ਦਾ ਨਿਸ਼ਾਨਾ ਹੋਵੇ ਤਾਂ- "ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ" ਵਾਲਾ ਮਾਮਲਾ ਹੈ।

ਅਸੀਂ ਇਕ ਪਵਿਤ੍ਰ ਸੰਦੇਸੇ ਦੇ, ਜੋ ਅਕਾਲ ਪੁਰਖ ਵਲੋਂ ਸਾਨੂੰ ਮਿਲਿਆ ਹੈ, ਹਲਕਾਰੇ ਹਾਂ। ਸਾਨੂੰ ਇਸ ਵੇਲੇ ਦਿਨ-ਰਾਤ ਉਸਾਰੀ ਦਾ ਕੰਮ ਕਰਨਾ ਹੀ ਲੋੜੀਏ।

ਪੰਥ ਦੀ ਮੌਜੂਦਾ ਵੀਚਾਰ ਨੇ ਹਰ ਥਾਂ ਪ੍ਰਚਾਰ ਦੀ ਲੋੜ ਦੱਸੀ ਹੈ। ਸਿੱਖ ਸਿੱਖ ਜਿੱਥੇ ਜਿੱਥੇ ਹੋਵੇ ਪ੍ਰਚਾਰ ਕਰੇ।.....ਆਪਨੂੰ ਪਤਾ ਹੈ ਕਿ ਗਿਰਾਂ ਗਿਰਾਂ ਵਿਚ ਸਿੱਖੀ ਵਿਚ ਗਿਰਾਉ ਵਾਪਰ ਰਿਹਾ ਹੈ। ਅੱਗੇ ਆਪ ਦੇ ਭਰਾ ਜਪੁਜੀ ਸਾਹਿਬ ਦੇ ਪਾਠ ਤੋਂ ਬੀ ਅਨਜਾਣ ਹੋ ਰਹੇ ਹਨ। ਜੇਕਰ ਆਪ ਉਹਨਾਂ ਨੂੰ ਆਪਣੇ ਧਰਮ ਨਾਲ ਵਾਕਫੀ ਤੇ ਪਿਆਰ ਪੈਦਾ ਕਰਨ ਦਾ ਅਵਸਰ ਨਾ ਦਿਓਗੇ ਤਾਂ ਕਦੇ ਹੋ ਸਕਦਾ ਹੈ ਕਿ ਆਪ ਅਮਨ ਵਿਚ ਰਹਿ ਸਕੋ? ਅਰ ਇਹ ਕੰਮ ਕੀ ਹੈ, ਨਿੱਗਰ ਉਸਾਰੀ ਦਾ। ਜੇ ਆਪ ਨੇ ਸਚਮੁਚ ਕੁਛ ਕਰਨੋਂ ਮੂੰਹ ਮੋੜਿਆ ਤਾਂ ਉਹ ਨਾਂ ਕੀਤਾ ਸਾਨੂੰ ਜ਼ਰੂਰ ਪਿੱਛੇ ਪਾਇਗਾ।

ਇਕੱਲਾ ਇਕੱਲਾ ਜਿੱਥੇ ਇਕ ਇਕ ਸਿੱਖ ਹੈ, ਉਹ ਉਪਦੇਸ਼ਕ ਤੇ ਪ੍ਰਚਾਰਕ ਹੋਣਾ ਚਾਹੀਦਾ ਹੈ ਤੇ ਉਸਦਾ ਜੀਵਨ ਪਵਿਤ੍ਰ ਹੋਣਾ ਚਾਹੀਦਾ ਹੈ।

**— ਖਾਲਸਾ ਸਮਾਚਾਰ, 3 ਅਗਸਤ 1911** 'ਚੋਂ

# ਗੁਰੂ ਨਾਨਕ ਬਾਣੀ 'ਚ ਅਧਿਆਤਮਕ ਚੇਤਨਾ

❖ ਡਾ. ਹਰਬੰਸ ਸਿੰਘ 'ਲਿਟ'

ਚੇਤਨਾ ਬਾਰੇ ਕਈ ਪ੍ਰਸ਼ਨ ਹਨ। ਕਈ ਵਿਦਵਾਨ ਮੰਨਦੇ ਹਨ ਕਿ ਬਿਲੌਰਾਂ (crystals) ਤੇ ਅਣੂਆਂ (Molecules) ਵਿਚ ਵੀ ਇਕ ਪ੍ਰਕਾਰ ਦੀ ਆਦਿਮ ਚੇਤਨਾ ਹੁੰਦੀ ਹੈ। ਮਨੁੱਖੀ ਚੇਤਨਾ ਅਰਬਾਂ-ਖਰਬਾਂ ਅਣੂਆਂ ਦੇ ਸੰਗਠਨ ਰਾਹੀਂ ਉਪਜੀ। ਸਿਮਰਿਤੀ (ਚੇਤੇ) ਦੀ ਸੁਰਤ ਵਿਚ ਜਾਗ੍ਰਿਤ ਸੁਰਤ ਹੈ। ਇਹ ਆਪੇ ਦੀ ਸੁਚੇਤਤਾ ਦਾ ਨਾਂ ਹੈ। ਚੇਤਨਾ ਸੁਚੇਤਤਾ ਦੀ ਸੁਚੇਤਤਾ ਭਾਵ ਸੁਰਤ ਦੀ ਸੁਰਤ ਹੈ। ਇਹ ਆਪੇ ਤੇ ਆਪਣੇ ਚੌਗਿਰਦੇ ਵਿਚਕਾਰ ਦੇ ਸੰਬੰਧ ਦੀ ਜਾਣਕਾਰੀ ਹੈ। ਗੁਰਮਤਿ ਅਨੁਸਾਰ ਪ੍ਰਮਾਤਮਾ ਨੇ ਚੇਤਨਾ ਕੇਵਲ ਮਨੁੱਖ ਅੰਦਰ ਹੀ ਨਹੀਂ ਸਗੋਂ ਹਰ ਜੀਵ ਅੰਦਰ ਵੀ ਦਿੱਤੀ ਹੈ। ਗੁਰੂ ਨਾਨਕ ਦੇਵ ਅਨੁਸਾਰ :

**ਏਕਾ ਸੁਰਤਿ ਜੇਤੇ ਹੈ ਜੀਅ॥ ਕੀਅ ਸੁਰਤਿ ਵਿਹੂਣਾ ਕੋਇ ਨ ਕੀਅ॥**

(ਸਿਰੀਰਾਗੁ ਮਹਲਾ ੧, ਅੰਗ ੨੪)

ਗੁਰਮਤਿ ਅਨੁਸਾਰ ਮਨੁੱਖੀ ਸਰੀਰ ਬੇ-ਜਾਨ ਤੇ ਬੇ-ਸੁਰਤ ਮਿੱਟੀ ਬਰਾਬਰ, ਇਸ ਅੰਦਰ ਵਾਹਿਗੁਰੂ ਨੇ ਸੁਰਤਿ (ਚੇਤਨਾ) ਸਮਾ ਰੱਖੀ ਹੈ।

**ਮਾਟੀ ਅੰਧੀ ਸੁਰਤਿ ਸਮਾਈ॥**

(ਮਾਝ ਮਹਲਾ ੫, ਅੰਗ ੧੦੦)

ਗੁਰੂ ਨਾਨਕ ਦੇਵ ਅਨੁਸਾਰ ਹਰ ਜੀਵ ਦੀ ਚੇਤਨਾ ਮਹਾ ਚੇਤਨਾ ਦਾ ਹੀ ਅੰਸ਼ ਹੈ, ਹਰ ਜੀਵ ਦੀ ਜੋਤਿ ਮਹਾ ਜੋਤਿ ਹੋਣ ਕਰਕੇ ਮਹਾ ਜੋਤਿ ਵਿਚ ਲੀਨ ਹੁੰਦੀ ਹੈ। ਜਿਸ ਕਰਕੇ (ਸੁਰਤਿ) ਚੇਤਨਾ ਦਾ ਮਹਾ ਚੇਤਨਾ ਨਾਲ ਸੰਜੋਗ ਹੁੰਦਾ ਹੈ।

**ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ॥**

(ਸਿਰੀਰਾਗੁ ਮਹਲਾ ੧, ਅੰਗ ੨੧)

ਚੇਤਨਾ ਦੀ ਜੜ੍ਹ ਮਹਾ ਚੇਤਨਾ ਵਿਚ ਹੀ ਹੈ।

**ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ॥**

(ਸਿਧ ਗੋਸਟਿ ਰਾਮਕਲੀ ਮਹਲਾ ੧, ਅੰਗ ੯੪੦)

ਮਨੁੱਖੀ ਚੇਤਨਾ ਬਾਹਰਮੁਖੀ ਤੇ ਅੰਤਰਮੁਖੀ ਹੁੰਦੀ ਹੈ। ਚੇਤਨਾ ਆਪਣੇ ਆਪ ਵਿਚ ਚਿੰਤਨ ਹੈ, ਇਹ ਚਿੰਤਨ ਬ੍ਰਹਮ ਚੇਤਨਾ ਨਾਲ ਜੋੜਦਾ ਜੋ ਅੰਨਦ ਰੂਪ ਵਿਚ ਵਿਅਕਤ (ਵਿਆਪਕ) ਤੇ ਸੰਪੂਰਨ ਸਤਿ-ਚਿਤ-ਅੰਨਦ ਰੂਪ ਵਿਚ ਵਿਦਮਾਨ ਹੈ।

**ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥**

(ਵਾਰ ਆਸਾ ਮਹਲਾ ੧, ਅੰਗ ੪੬੩)

ਇਸ ਤਰ੍ਹਾਂ ਇਹ ਬ੍ਰਹਮ ਦਾ ਪਸਾਰ ਸੱਚ ਸਰੂਪ ਹੈ ਜੋ ਸਮੇਂ ਸੀਮਾ ਵਿਚ ਨਹੀਂ ਆਉਂਦਾ, ਇਹ ਆਦਿ ਤੋਂ ਹੈ, ਹੁਣ ਵੀ ਹੈ ਤੇ ਅੱਗੇ ਵੀ ਰਹੇਗਾ।

**ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥**

(ਜਪੁ ਜੀ, ਅੰਗ ੧)

ਮਨੁੱਖੀ ਚੇਤਨਾ ਪਸ਼ੂ ਸ੍ਰੇਣੀ ਨਾਲ ਸਬੰਧਤ ਹੁੰਦਿਆਂ ਹੋਇਆਂ ਵੀ ਆਪਣੀ ਹੋਂਦ ਨੂੰ ਜਾਨਣ ਲਈ ਯਤਨਸ਼ੀਲ ਹੈ। ਇਹ ਆਪਣੀ ਸਵੈ-ਚੇਤਨਾ, ਚਿੰਤਨ-ਸ਼ਕਤੀ, ਚੰਗੇ-ਮਾੜੇ ਸਦਾਚਾਰਕ ਫ਼ੈਸਲੇ ਲੈਣ ਦੀ ਚੋਣ-ਸ਼ਕਤੀ, ਅਧਿਆਤਮਕ ਬਿਰਤੀ ਤੇ ਸਿਰਜਨਾਤਮਕ ਰੁਚੀਆਂ, ਅਮੂਰਤ ਵਿਚਾਰਾਂ ਨੂੰ ਗ੍ਰਹਿਣ ਕਰਨ ਦੀ ਸਮਰੱਥਾ ਆਦਿ ਗੁਣਾਂ ਕਰਕੇ 84 ਲੱਖ ਜੂਨਾਂ ਵਿਚੋਂ ਉੱਤਮ ਹੈ। ਗੁਰੂ ਨਾਨਕ ਦੇਵ ਅਨੁਸਾਰ ਮਨੁੱਖੀ ਚੇਤਨਾ ਆਪਣੀਆਂ ਅੰਦਰੂਨੀ ਸਰੀਰਕ ਸੂਖਮ ਸ਼ਕਤੀਆਂ ਜਿਵੇਂ ਮਨ, ਬੁਧ, ਚਿਤ, ਅਹੰਕਾਰ ਕਰਕੇ ਆਪਣੀ ਹੋਂਦ ਨੂੰ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਵਿਚਾਰਦੀ ਆ ਰਹੀ ਹੈ। ਮਨੁੱਖੀ ਸਰੀਰ ਕਈ ਜੂਨਾਂ ਵਿਚੋਂ ਵਿਕਾਸ ਕਰਕੇ ਹੋਂਦ ਵਿਚ ਆਇਆ।

**ਚਉਰਾਸੀਹ ਨਰਕ ਸਾਕਤੁ ਭੋਗਾਈਐ॥**

(ਮਾਰੂ ਮਹਲਾ ੧, ਅੰਗ ੧੦੨੮)

ਗੁਰੂ ਅਰਜਨ ਦੇਵ ਮਨੁੱਖੀ ਜੂਨ ਦੀ ਪ੍ਰਾਪਤੀ ਦਾ ਵਰਣਨ ਕਰਦੇ ਹਨ।

**ਲੱਖ ਚਉਰਾਸੀਹ ਜੋਨਿ ਸਬਾਈ ਮਾਣਸ ਕਉ ਪ੍ਰਭਿ ਦੀਈ ਵਡਿਆਈ॥**

(ਮਾਰੂ ਸੋਹਲੇ ਮਹਲਾ ੫, ਅੰਗ ੧੦੭੫)

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸਰੀਰ ਦੀ ਪ੍ਰਾਪਤੀ ਨੂੰ ਦੁਰਲਭ ਭਾਵ ਬੇ-ਸ਼ੁਮਾਰ ਕੀਮਤੀ ਮੰਨਿਆ ਹੈ ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਵੀ ਕਰਦੇ ਹਨ :

**ਲੱਖ ਚੁਰਾਸੀ ਜੂਨਿ ਵਿਚਿ ਉੱਤਮ ਜੂਨਿਸੁ ਮਾਣਸ ਦੇਹੀ।**

(ਭਾਈ ਗੁਰਦਾਸ, ਵਾਰ ਪਹਿਲੀ)

ਮਨੁੱਖੀ ਚੇਤਨਾ ਦੀ ਸਰਬ-ਉਚ ਮਹੱਤਤਾ ਹੋਂਦ ਵਿਚ ਆ ਗਈ ਤੇ ਉਸ ਨੇ ਬਾਕੀ ਜੂਨਾਂ ਤੇ ਸਰਦਾਰੀ ਬਣਾ ਲਈ।

**ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥**

(ਆਸਾ ਮਹਲਾ ੧, ਅੰਗ ੩੭੪)

ਉਸ ਦੇ ਸ਼ਕਤੀਸ਼ਾਲੀ ਹੋਣ ਦੇ ਨਾਲ-ਨਾਲ ਜ਼ਿੰਮੇਵਾਰੀ ਵੀ ਵੱਧ ਗਈ ਪਰ ਜਿੰਨੀ ਇਹ ਸ਼ਕਤੀਸ਼ਾਲੀ ਹੋ ਗਈ ਉਨ੍ਹੀ ਜ਼ਿੰਮੇਵਾਰ ਨਹੀਂ ਹੋ ਸਕੀ। ਗੁਰਮਤਿ ਅਨੁਸਾਰ ਮਨੁੱਖੀ ਚੇਤਨਾ ਦੋ ਤਰ੍ਹਾਂ ਦੇ ਜੀਵਨ ਜੀਅ ਰਹੀ ਹੈ।

1. ਸੰਸਾਰਕ ਜੀਵਨ (ਪਦਾਰਥਕ ਜੀਵਨ ਭਾਵ ਧਾਤ ਦਾ ਮਾਰਗ), ਹਉਮੈ (ਮਨ) ਕੇਂਦਰਿਤ ਸੰਸਾਰਕ ਜੀਵਨ ਮਾਰਗ।
2. ਅਧਿਆਤਮਕ ਜੀਵਨ (ਮਾਇਆਵੀ ਬੰਧਨਾਂ ਤੋਂ ਮੁਕਤ ਭਾਵ ਲਿਵ ਦਾ ਮਾਰਗ), ਪਰਮਾਤਮ ਕੇਂਦਰਿਤ ਜੀਵਨ ਮਾਰਗ।

ਹੁਣ ਮਨੁੱਖੀ ਚੇਤਨਾ ਸ੍ਰਾਮਣੇ ਉਪਰੋਕਤ ਦੋ ਰਸਤੇ ਹਨ ਇਕ ਧਾਤ ਦਾ ਮਾਰਗ (ਤ੍ਰਿਸ਼ਨਾ) ਦੂਜਾ ਲਿਵ ਦਾ ਮਾਰਗ (ਲੀਨਤਾ/ਇਕਸੁਰਤਾ)

ਇਹ ਓਪਰੋਕਿਤ ਰਸਤਿਆਂ ਦੀ ਚੋਣ ਲਈ ਆਪਣੇ ਆਪ ਨੂੰ ਸੰਪੂਰਨ ਰੂਪ ਵਿਚ ਸੁਤੰਤਰ ਸਮਝਣ ਲੱਗ ਪਈ, ਪਰ ਨਜ਼ਰ ਆ ਰਿਹਾ ਸੰਸਾਰ ਪਰਵਰਤਣਸ਼ੀਲ ਹੈ ਜਿਸ ਵਿਚੋਂ ਬੇਗਾਨਗੀ ਦੇ ਅਹਿਸਾਸ ਪੈਦਾ ਹੋਏ। ਅੱਜ ਮਨੁੱਖ ਬੇਗਾਨਗੀ ਕਰਕੇ ਆਪਣੇ ਆਪ ਆਲੇ-ਦੁਆਲੇ ਵਿਚ ਘਿਰਿਆ ਮਹਿਸੂਸ ਕਰਦਾ ਹੈ, ਭਾਵ ਜ਼ਿੰਦਗੀ ਆਪਣੀ ਮਰਜ਼ੀ ਅਨੁਸਾਰ ਨਹੀਂ ਜੀਅ ਰਿਹਾ, ਸਗੋਂ ਦੂਸਰਿਆਂ ਦੇ ਘੜੇ ਨਿਯਮਾਂ ਅਨੁਸਾਰ ਜੀਅ ਰਿਹਾ ਹੈ।

ਗੁਰੂ ਨਾਨਕ ਦੇਵ ਅਨੁਸਾਰ ਇਸ ਜੀਣ ਵਿਚ ਨਾ ਰੰਗ ਹੈ ਨਾ ਹੀ ਰਸ, ਬੇਗਾਨਗੀ ਦੀ ਹਾਲਤ ਵਿਚ ਮਨ ਤੇ ਤਨ ਪੱਖੋਂ ਉਹ ਸਵੈ-ਕੇਂਦਰਿਤ ਹੋ ਗਿਆ ਹੈ। ਅਜਿਹੀ ਸਥਿਤੀ ਮਨਮੁੱਖ (ਮਨਮੁਖਤਾ), ਮਾਇਆਵੀ ਭੱਜਾ-ਦੌੜੀ ਵਾਲੀ ਹੈ। ਇਸ ਵਿਚ ਮਨੁੱਖੀ ਚੇਤਨਾ ਹਉਂ ਕੇਂਦਰਿਤ, ਮਨ-ਕੇਂਦਰਿਤ ਮਾਰਗ ਦਾ ਪਾਂਧੀ ਬਣਕੇ ਭਰਮ-ਭੁਲੇਖਿਆਂ ਵਿਚ ਘਿਰ ਗਈ ਹੈ।

**ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ॥**
**ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ॥**

(ਸੂਹੀ ਮਹਲਾ ੧, ਅੰਗ ੭੫੨)

ਆਧੁਨਿਕ ਮਨੁੱਖੀ ਚੇਤਨਾ ਅੰਦਰੋਂ ਬਾਹਰੋਂ ਤਕਨਾਲੋਜੀ ਤੇ ਵਪਾਰਵਾਦ ਦਾ ਪੁਜਾਰੀ ਬਣਕੇ ਰਹਿ ਗਈ ਹੈ। ਉਹ ਨਹੀਂ ਸਮਝਦੀ ਕਿ ਤਕਨਾਲੋਜੀ ਮਨੁੱਖ ਲਈ ਬਣੀ ਹੈ ਨਾ ਕਿ ਮਨੁੱਖ ਤਕਨਾਲੋਜੀ ਵਾਸਤੇ ਬਣਿਆ। ਵਪਾਰ ਤੇ ਤਕਨਾਲੋਜੀ ਦੇ ਸੰਗਠਨ ਨੇ ਮਨੁੱਖੀ ਚੇਤਨ ਜੀਵਨ ਵਿਚੋਂ ਗੰਭੀਰਤਾ ਤੇ ਸਚਿਆਰਤਾ ਘਟਾ ਦਿੱਤੀ। ਉਹ ਆਪਣੇ ਆਪ ਨੂੰ ਸਭ ਕੁਝ ਕਰਨ ਦੇ ਸਮਰੱਥ ਸਮਝਣ ਲੱਗ ਪਿਆ ਤੇ ਆਪਣੇ ਆਲੇ-ਦੁਆਲੇ ਵਿਚ ਸਰਬ ਸ਼ਕਤੀ ਸੰਪੰਨ ਹੋਣ ਦੇ ਭਰਮ-ਜਾਲ ਵਿਚ ਫੱਸ ਗਿਆ।

ਬੇਗਾਨਗੀ ਦੇ ਨਾਲ-ਨਾਲ ਮਨੁੱਖੀ ਚੇਤਨ ਮਨ ਆਪਣੀ ਅਪ੍ਰਮਾਣਿਕਤਾ, ਆਪਣੀ ਪਛਾਣ, ਸ਼ਨਾਖਤ ਵੀ ਖੋ ਬੈਠਾ, ਕਾਮ ਤੇ ਕਾਮਨਾ ਵੱਧ ਗਈ, ਸਦਭਾਵਨਾ ਘੱਟ ਗਈ। ਮਨੁੱਖੀ ਚੇਤਨ ਮਨ ਮਨਮੁੱਖਤਾ ਪਿੱਛੇ ਲੱਗ ਕੇ ਆਪਣੇ ਮਾਨਸਿਕ ਭਰਮ-ਭੁਲੇਖਿਆਂ, ਗਿਣਤੀਆਂ-ਮਿਣਤੀਆਂ, ਆਸਾਂ-ਅੰਦੇਸਿਆਂ, ਇੱਛਾਵਾਂ-ਕਾਮਨਾਵਾਂ ਆਦਿ ਭਟਕਣਾ ਵਿਚ ਵਿਚਰਨ ਲੱਗ ਪਿਆ ਹੈ।

**ਮਨਮੁਖਿ ਭਰਮਿ ਭਵੈ ਬੇਬਾਣਿ॥** (ਸਿਧ ਗੋਸਟਿ, ਅੰਗ ੯੪੧)

ਗੁਰੂ ਨਾਨਕ ਦੇਵ ਜੀ ਅਨੁਸਾਰ ਅਜਿਹੀ ਸਥਿਤੀ ਵਿਚ ਮਨੁੱਖੀ ਚੇਤਨ ਮਨ ਸਿਲ-ਪੱਥਰ ਵਾਂਗ ਅਭਿੱਜ ਰਹਿੰਦਾ ਹੈ।

**ਮਨਮੁਖ ਪਥਰੁ ਸੈਲੁ ਧ੍ਰਿਗੁ ਜੀਵਣੁ ਫੀਕਾ॥**
**ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ॥**

(ਆਸਾ ਕਾਫੀ ਮਹਲਾ ੧, ਅੰਗ ੪੧੯)

ਗੁਰੂ ਨਾਨਕ ਦੇਵ ਅਨੁਸਾਰ ਅਜਿਹੀ ਮਾਨਸਿਕਤਾ ਵਾਲੀ ਮਨੁੱਖੀ ਚੇਤਨਤਾ ਫ਼ਿਕਰਾਂ, ਚਿੰਤਾਵਾਂ ਕਾਰਨ ਚਿੰਤਾਤੁਰ ਰਹਿੰਦੀ ਹੈ, ਚੰਚਲ ਬਿਰਤੀਆਂ ਉਨ੍ਹਾਂ ਨੂੰ ਭਟਕਾਂਦੀਆਂ ਹਨ ਤੇ ਉਹ ਮਨ ਮਰਜ਼ੀ ਕਰਨ ਵਾਲੀ ਜ਼ਿੱਦੀ ਬਿਰਤੀ ਬਣ ਜਾਂਦੀ ਹੈ।

**ਮਨਮੁਖ ਭਰਮਿ ਭੁਲੇ ਬਉਰਾਨੇ॥** (ਬਿਲਾਵਲ ਮਹਲਾ ੧, ਅੰਗ ੭੯੬)

ਇਸ ਘਟਨਾ ਕ੍ਰਮ ਦਾ ਕਾਰਨ ਜਦੋਂ ਮਨੁੱਖੀ ਚੇਤਨਾ ਮਾਇਆਵੀ ਜਗਤ ਵੱਲ ਉਲਾਰ ਹੋ ਜਾਂਦੀ ਉਦੋਂ ਉਹ ਆਪਣੇ ਮੂਲ ਦੀ ਪਛਾਣ ਭੁੱਲ ਜਾਂਦੀ ਹੈ। ਗੁਰਮਤਿ ਅਨੁਸਾਰ ਮਨਮੁੱਖੀ ਚੇਤਨ ਮਨ ਮਾਇਆਵੀ ਪਦਾਰਥਕ ਵਸਤੂਆਂ ਦੀ ਭਾਲ ਵਿਚ ਬਾਹਰ ਵੱਲ ਭੱਜਦਾ ਹੈ। ਇਹ ਗਿਆਨਵਾਨ ਘੱਟ ਤੇ ਅਗਿਆਨਵਾਨ ਵਧੇਰੇ ਹੁੰਦਾ ਹੈ। ਇਹ ਮਾਇਆਵੀ ਅਗਿਆਨਤਾ ਦੁਵਿਧਾਜਨਕ ਹੋ ਕੇ ਆਸਾ-ਮਨਸਾ ਵਿਚਾਲੇ ਭੱਟਕਦੀ ਹੈ।

**ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ॥**

(ਵਾਰ ਸਿਰੀਰਾਗ ਮਹਲਾ ੩, ਅੰਗ ੮੩)

**ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ॥**

(ਰਾਗ ਬਿਲਾਵਲੁ ਮਹਲਾ ੩, ਅੰਗ ੫੮੧)

ਜਦੋਂ ਚੇਤਨ ਮਨ ਆਪਣੇ ਨਿਜ ਘਰ (ਮੂਲ) ਤੋਂ ਆ ਕੇ ਪੰਜਾਂ ਤੱਤਾਂ ਭਾਵ ਸਰੀਰ ਅੰਦਰ ਪੌਣ (ਪਵਨ) ਰਾਹੀਂ ਮਿਲਦਾ ਹੈ। ਸੂਖਮ, ਸਜੀਵ ਤੇ ਅਰੋਕ ਸ਼ਕਤੀਵਰ ਵਿਚਾਰਾਂ (ਚੰਗੇ-ਮਾੜੇ) ਦਵਾਰਾ ਖੇਲ ਸ਼ੁਰੂ ਹੋ ਜਾਂਦਾ ਹੈ। ਗੁਰਮਤਿ ਅਨੁਸਾਰ ਇਹ ਸੰਜੋਗ ਤੇ ਵਿਜੋਗ ਨਿਜ ਘਰੋਂ ਹੀ ਸ਼ੁਰੂ ਹੁੰਦਾ ਹੈ।

**ਸੰਜੋਗੁ ਵਿਜੋਗੁ ਧੁਰਹੁ ਹੀ ਹੂਆ॥ ਪੰਚ ਧਾਤੁ ਕਰਿ ਪੁਤਲਾ ਕੀਆ॥**
**ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ॥**

(ਮਹਲਾ ੫, ਅੰਗ ੧੦੦੭)

ਚੇਤਨ ਮਨ ਜਿਸ ਵਿਸ਼ੇ ਬਾਰੇ ਚਿੰਤਨਸ਼ੀਲ ਹੋ ਜਾਵੇ ਉਸੇ ਬਾਰੇ ਗੰਭੀਰ ਹੋ ਜਾਂਦਾ ਹੈ। ਬਦੀਆਂ ਬਾਰੇ ਸੋਚੇ ਤਾਂ ਬਦ (ਧਾਤ ਦੇ ਰਸਤੇ ਤੇ) ਹੋ ਜਾਂਦਾ ਹੈ ਜੇ ਚੰਗੇ ਵਿਚਾਰਾਂ ਨੂੰ ਗ੍ਰਹਿਣ ਕਰਨ ਲਗ ਜਾਂਦਾ (ਲਿਵ ਦੇ ਮਾਰਗ ਤੇ ਟੁਰ ਪੈਂਦਾ) ਹੈ। ਮਨੁੱਖੀ ਚੇਤਨਤਾ ਮੂਲ ਰੂਪ ਵਿਚ ਤਾਂ ਪ੍ਰਕਾਸ਼ਮਈ ਹੈ ਪਰ ਅਨੇਕਾਂ ਰੂਪ ਧਾਰਨ ਕਰਨ ਵਾਲੀ ਮਾਇਆ ਇਸ ਨੂੰ ਅੰਧਕਾਰਮਈ ਬਣਾ ਦੇਂਦੀ ਹੈ।

**ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰਿ ਨਾਰਿ॥**
**ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ॥**
**ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ॥**

(ਸਿਰੀ ਰਾਗ ਮਹਲਾ ੧, ਅੰਗ ੬੧)

ਇਹ ਮਾਇਆ ਤਾਂ ਮਨੁੱਖੀ ਚੇਤਨ ਮਨ ਪ੍ਰਕਾਸ਼ ਦੀ ਦਾਸੀ ਹੈ। ਗੁਰੂ ਨਾਨਕ ਦੇਵ ਅਨੁਸਾਰ ਇਹ ਉਸ ਨੂੰ ਛਿਨ-ਭੰਗਰ ਦੀਆਂ ਖੁਸ਼ੀਆਂ ਦੇ ਕੇ ਲਿਵ ਦੇ ਰਸਤੇ ਤੋਂ ਹਟਾ ਕੇ ਆਪਣੇ ਪਿੱਛੇ ਲਾ ਲੈਂਦੀ ਹੈ। ਇਹ ਕਦੇ ਪਰਿਵਾਰ ਦਾ ਮੈਂਬਰ ਬਣ ਕੇ, ਕਦੇ ਸਰੀਰਕ ਸੁੰਦਰਤਾ ਬਣ ਕੇ, ਕਦੇ ਧਨ ਸੰਪਤੀ ਦਾ ਲਾਲਚ ਬਣ ਕੇ ਚੇਤਨਾ ਨੂੰ ਮਦਹੋਸ਼ ਕਰ ਕੇ ਆਪਣੇ ਵੱਸ ਕਰ ਲੈਂਦੀ ਹੈ। ਤ੍ਰਿਸ਼ਨਾ ਮਨੁੱਖੀ ਚੇਤਨਾ ਨੂੰ ਜਿਉਂਦੇ ਰੱਖਣ ਦਾ ਭੁਲੇਖਾ ਪਾ ਕੇ ਭਜਾਈ ਫਿਰਦੀ ਹੈ। ਇਸ ਤਰ੍ਹਾਂ ਮਨੁੱਖ ਪੜ੍ਹ-ਲਿਖ ਕੇ ਵੀ ਕਈ ਵਾਰ ਅਵਿੱਦਿਅਕ ਵਿਹਾਰ ਕਰਦਾ ਨਜ਼ਰ ਆਉਂਦਾ ਹੈ। ਇਸ ਅਵਿੱਦਿਆ ਕਾਰਣ ਚੇਤਨਾ ਨੂੰ ਹਉਮੈ ਘੇਰ ਲੈਂਦੀ ਹੈ। ਇਉਂ ਪ੍ਰਕਾਸ਼ਮਈ ਮਨੁੱਖੀ ਚੇਤਨਾ ਨੂੰ ਹਉਮੈ ਸੰਸਾਰਕ ਕਾਰ-ਵਿਹਾਰਾਂ ਵਿਚ ਫਸਾ ਲੈਂਦੀ ਹੈ। ਜਸਵੰਤ ਸਿੰਘ ਨੇਕੀ ਆਤਮ-ਚੇਤਨ ਅਵਸਥਾ ਨੂੰ ਲਿਵ ਮੰਨਦੇ ਹਨ। ਗੁਰੂ ਅਮਰ ਦਾਸ ਜੀ ਅਨੁਸਾਰ :

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥**

(ਅਨੰਦ, ਰਾਮਕਲੀ ਮਹਲਾ ੩, ਅੰਗ ੯੨੧)

ਇਹ ਤ੍ਰਿਸ਼ਨਾ, ਮਾਇਆ ਦਾ ਅਸਰ ਜੀਵਨ ਭਰ ਚਲਦਾ ਰਹਿੰਦਾ ਜਿਸ ਨਾਲ ਜ਼ਿੰਦਗੀ ਬੇ-ਤਰਤੀਬ ਤੇ ਟੁੱਟੀ-ਭੱਜੀ ਲਗਦੀ ਹੈ। ਚੇਤਨਾ ਮੈਂ-ਮੇਰੀ ਭਾਵ ਹਉਮੈ ਦੇ ਬੰਧਨ ਵਿਚ ਬੰਨ੍ਹੀ ਜਾਂਦੀ ਹੈ। ਚੇਤਨਾ ਮੋਹ-ਮਾਇਆ ਦੇ ਰਸਤੇ ਤੇ ਚੱਲਣ ਦੀ ਆਦੀ ਹੋ ਜਾਂਦੀ ਤੇ ਲਿਵ ਦੇ ਰਾਹ ਨੂੰ ਭੁੱਲਣ ਲੱਗ ਪੈਂਦੀ। ਗੁਰੂ ਅਮਰ ਦਾਸ ਅਨੁਸਾਰ :

**ਹਉਮੈ ਧਾਤੁ ਮੋਹ ਰਸਿ ਲਾਈ॥**

(ਮਾਰੂ ਮਹਲਾ ੩, ਅੰਗ ੧੦੪੭)

ਗੁਰੂ ਨਾਨਕ ਦੇਵ ਅਨੁਸਾਰ ਹਉਮੈ ਭਰਮ ਭੁਲਾਵਾ ਹੈ ਇਸ ਕਰਕੇ ਜਨਮ-ਮਰਣ ਦਾ ਚੱਕ੍ਰ ਬਣਿਆ ਰਹਿੰਦਾ ਹੈ।

**ਹਉਮੈ ਆਵੈ ਜਾਇ ਭਰਮਿ ਭੁਲਾਵਣਾ॥**

(ਰਾਗ ਸੂਹੀ ਮਹਲਾ ੧, ਅੰਗ ੭੫੨)

ਮਨੁੱਖੀ ਚੇਤਨਾ ਮੂਲ ਨੂੰ ਭੁੱਲ ਕੇ ਜਾਨਵਰੀ ਜਾਂ ਪਸ਼ੂ ਬਿਰਤੀ ਚੇਤਨਾ ਵਿਚ ਪਰਿਵਰਤਿਤ ਹੋ ਜਾਂਦੀ ਹੈ। ਨਤੀਜੇ ਵਜੋਂ ਆਧੁਨਿਕ ਚੇਤਨਤਾ ਵਧੇਰੇ

ਖੰਡਿਤ ਤੇ ਹਿੰਸਕ ਹੋ ਜਾਂਦੀ ਹੈ। ਗੁਰੂ ਰਾਮ ਦਾਸ ਜੀ ਅਨੁਸਾਰ ਚੇਤਨ ਮਨ ਮਾਇਆ ਦਾ ਪਾਂਧੀ ਬਣ ਜਾਂਦਾ ਹੈ।

**ਮਨੁ ਸੋਇਆ ਮਾਇਆ ਬਿਸਮਾਦਿ॥**

(ਗਉੜੀ ਗੁਆਰੇਰੀ ਮਹਲਾ ੫, ਅੰਗ ੧੮੨)

ਹਉਮੈ ਵਿਚ ਦੂਸਰਾ ਭਾਵ ਜਾਗ ਪੈਂਦਾ ਹੈ। ਆਪਣੇ ਤੇ ਦੂਜੇ ਵਿਚ ਵੱਖਰਤਾ ਨਜ਼ਰ ਆਉਣ ਲਗ ਜਾਂਦੀ ਹੈ। ਆਪਣੇ ਤੇ ਬਿਗਾਨੇ ਦੇ ਭਾਵ ਪੈਦਾ ਸ਼ੁਰੂ ਹੋ ਜਾਂਦੇ ਹਨ ਤੇ ਚਾਰੋਂ ਪਾਸੇ ਵੱਖਰੇਵਾਂ ਨਜ਼ਰ ਆਉਣ ਲੱਗਦਾ ਹੈ। ਹੁਣ ਕੂੜ ਦੀ ਪਾਲ ਪੱਕੀ ਹੋਣੀ ਸ਼ੁਰੂ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਇਸ ਪ੍ਰਸ਼ਨ ਦਾ ਹਲ ਜਪੁ ਜੀ ਬਾਣੀ ਰਾਹੀਂ ਦਰਸਾਉਂਦੇ ਹਨ।

**ਪ੍ਰਸ਼ਨ: ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਉੱਤਰ : ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥**

(ਜਪੁ ਜੀ, ਪਉੜੀ ਪਹਿਲੀ, ਅੰਗ ੧)

ਮਨੁੱਖ ਅੰਦਰਲੀ ਚੇਤਨਾ ਅਨੁਭਵ ਦੀ ਜ਼ਮੀਰ ਹੈ, ਪਰ ਇਹ ਸਹਿਜੇ ਧਿਆਨ ਵਿਚ ਨਹੀਂ ਆਉਂਦੀ। ਜਿਵੇਂ-ਜਿਵੇਂ ਧਿਆਨ ਇੱਕਾਗਰ ਹੁੰਦਾ ਜਾਂਦਾ, ਸੁਭਾਵ ਸਹਿਜਤਾ ਤੇ ਗੰਭੀਰਤਾ ਧਾਰਨ ਕਰ ਲੈਂਦਾ ਹੈ।

## ਲਿਵ ਦਾ ਮਾਰਗ

ਲਿਵ ਦਾ ਮਾਰਗ ਗੁਰੂ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

**ਗੁਰ ਪਰਸਾਦਿ ਰਹੈ ਲਿਵ ਲਾਇ॥**

(ਆਸਾ ਮਹਲਾ ੧, ਅੰਗ ੩੫੨)

ਜਦੋਂ ਧਿਆਨ ਸਾਧਕ ਚੇਤਨਾ ਇਕਸੁਰ ਹੋ ਜਾਂਦੀ ਤਾਂ ਇਕਸੁਰਤਾ ਰਸਿਕ ਬਣ ਜਾਂਦੀ ਹੈ। ਅਜਿਹੀ ਅਵਸਥਾ ਨੂੰ ਲਿਵ ਕਿਹਾ ਜਾਂਦਾ ਹੈ। ਲਿਵ ਸੁਰਤ ਸ਼ਬਦ ਨਾਲ ਜੁੜ ਜਾਂਦੀ ਹੈ। ਗੁਰੂ ਨਾਨਕ ਦੇਵ ਅਨੁਸਾਰ ਇਹ ਅਵਸਥਾ ਹਰ ਸਮੇਂ ਬਣੀ ਰਹਿੰਦੀ ਹੈ। ਇਸ ਅਵਸਥਾ ਵਿਚ ਵਿਚਰਨ ਵਾਲੇ ਨੂੰ ਗੁਰਮੁੱਖ ਕਿਹਾ ਜਾਂਦਾ ਹੈ।

**ਗੁਰਮੁਖਿ ਜਾਗਿ ਰਹੇ ਦਿਨ ਰਾਤੀ॥ ਸਾਚੇ ਕੀ ਲਿਵ ਗੁਰਮਤਿ ਜਾਤੀ॥**

(ਮਾਰੂ ਮਹਲਾ ੧, ਅੰਗ ੧੦੨੪)

ਮਾਇਆ ਮਨੁੱਖੀ ਚੇਤਨਾ ਨੂੰ ਧਾਤ ਦੇ ਮਾਰਗ ਤੇ ਚੱਲਦੀ ਹੋਈ ਇਹ ਅਹਿਸਾਸ ਤਾਂ ਦਿੰਦੀ ਹੈ ਕਿ ਇਸ ਸਰੀਰ ਅੰਦਰ ਬ੍ਰਹਿਮੰਡੀ ਚੇਤਨਾ ਹੈ ਪਰ ਉਸ ਨਾਲ ਮਿਲਾਪ ਦਾ ਰਾਹ ਨਹੀਂ ਦੱਸਦੀ। ਉਸ ਨਾਲ ਮਿਲਾਪ ਦੀ ਸਮਝ ਭਾਵ ਕੂੜ ਦੀ ਪਾਲ ਤੋਂ ਮੁਕਤੀ ਤੇ ਸਚਿਆਰ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ, ਗੁਰਪ੍ਰਸਾਦ ਰਾਹੀਂ ਹੁਕਮ ਦੀ ਪਛਾਣ ਨਾਲ ਹੀ ਹੋਣੀ ਹੈ। ਇਹ ਸਮਝ ਲਿਵ ਦੇ ਮਾਰਗ ਵਾਲੇ ਨੂੰ ਹੀ ਆਉਂਦੀ ਹੈ। ਇਹ ਜਾਗ੍ਰਿਤ ਅਵਸਥਾ ਹੈ। ਇਸ ਦੀ ਸਮਝ ਗੁਰੂ ਦੀ ਸ਼ਰਣ ਵਿਚ ਹੀ ਆਉਂਦੀ ਹੈ। ਅਜਿਹੀ ਸਥਿਤੀ ਦਾ ਵਰਣਨ ਭਗਤ ਕਬੀਰ ਜੀ ਅਨੁਸਾਰ ਇਸ ਤਰ੍ਹਾਂ ਹੈ।

**ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥**

(ਭਗਤ ਕਬੀਰ ਜੀ, ਅੰਗ ੭੨੭)

ਗੁਰੂ ਨਾਨਕ ਦੇਵ ਅਨੁਸਾਰ ਮਨੁੱਖੀ ਚੇਤਨਾ ਨੂੰ ਜੀਵਨ ਵਿਚ ਦੋ ਰਾਹ ਪ੍ਰਾਪਤ ਹਨ— ਲਿਵ ਤੇ ਧਾਤ, ਇਨ੍ਹਾਂ ਦੋਨਾਂ ਮਾਰਗਾਂ ਦਾ ਕਰਤਾ ਇਕੋ ਪਰਮ ਸੱਤਾ ਹੈ।

**ਰਾਹ ਦੋਵੈ ਖਸਮੁ ਏਕੋ ਜਾਣੁ॥**

(ਗਉੜੀ ਮਹਲਾ ੧, ਅੰਗ ੨੨੩)

ਦੋਨੋਂ ਮਾਰਗ ਭਾਵੇਂ ਪਰਮ ਸੱਤਾ ਦੇ ਬਣਾਏ ਹੋਏ ਹਨ, ਗੁਰਮਤਿ ਮਨੁੱਖੀ ਚਿੰਤਨ ਨੂੰ ਸੁਚੇਤ ਕਰਦੀ ਹੈ। ਚੇਤਨ ਮਨ ਧਾਤ ਦੇ ਰਾਹ ਚਲਾਉਣ ਲਈ ਕਾਲ ਨੇ ਆਪਣੇ ਪੰਜ ਦੂਤ ਭੇਜੇ ਹੋਏ ਹਨ। ਇਹ ਪੰਜੇ ਸਮੇਂ-ਸਮੇਂ ਗਿਆਨ ਇੰਦਰੀਆਂ (ਅੱਖ, ਕੰਨ, ਜੀਭ, ਨੱਕ, ਤਵਚਾ) ਤੇ ਕਰਮ ਇੰਦਰੀਆਂ (ਹੱਥ, ਪੈਰ, ਬਾਣੀ ਯੰਤਰ, ਲਿੰਗ, ਗੁਦਾ) ਤੁਹਾਡੀ ਚੇਤਨਾ ਨੂੰ ਧਾਤ ਮਾਰਗ ਵੱਲ ਆਕ੍ਰਸ਼ਿਤ ਕਰਨਗੀਆਂ। ਭਗਤ ਕਬੀਰ ਜੀ ਸੁਚੇਤ ਕਰਦੇ ਹਨ ਕਿ ਇਨ੍ਹਾਂ ਦਾ ਵਿਸ਼ਵਾਸ ਨਾ ਕਰੀਂ। ਕਾਲ ਦੀ ਸਰਕਾਰ ਦੇ ਦੂਤਾਂ ਨੇ ਕਿਸੇ ਨਾ ਕਿਸੇ ਵਿਕਾਰ ਰਾਹੀਂ ਆਪਣੇ ਵੱਲ ਪ੍ਰਭਾਵਿਤ ਕਰ ਲੈਣਾ ਹੈ।

**ਪੰਚ ਪਹਰੂਆ ਦਰ ਮਹਿ ਰਹਤੇ ਤਿਸ ਕਾ ਨਹੀ ਪਤੀਆਰਾ॥**
**ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ॥**
**ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥**
**ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ॥**

(ਗਉੜੀ ਕਬੀਰ ਜੀਉ, ਅੰਗ ੩੩੯)

ਲਿਵਲੀਨਤਾ ਦਾ ਮਾਰਗ ਗੁਰੂ-ਕੇਂਦ੍ਰਿਤ ਹੈ। ਇਸ ਦਾ ਸੰਬੰਧ ਬ੍ਰਹਿਮੰਡੀ ਚੇਤਨਾ ਨਾਲ ਹੈ। ਗੁਰੂ ਨਾਨਕ ਦੇਵ ਅਨੁਸਾਰ ਇਹ ਕੁਦਰਤ ਦੇ ਜ਼ੱਰੇ-ਜ਼ੱਰੇ ਵਿਚ ਬੇਅੰਤ ਇਕਸਾਰ ਵੱਸ ਰਹੀ ਹੈ।

**ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥**

(ਸਲੋਕੁ ਮਹਲਾ ੧, ਅੰਗ ੪੬੯)

ਅਜਿਹੀ ਬ੍ਰਹਿਮੰਡੀ ਚੇਤਨਾ ਤੋਂ ਬਲਿਹਾਰ ਜਾਣ ਨੂੰ ਜੀਅ ਕਰਦਾ ਹੈ। ਇਹ ਚੇਤਨ ਮਨ ਨਿਜੀ ਜੀਵਨ ਤੇ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤਾਂ ਨਿਭਾਉਂਦਾ ਪਰ ਉਸ ਵਿਚ ਖਪਤ ਨਹੀਂ ਹੁੰਦਾ। ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਦੀ ਥਾਂ ਇਨ੍ਹਾਂ ਨੂੰ ਨਿਭਾਉਂਦਿਆਂ ਸੰਜਮ ਬਣਾਈ ਰੱਖਦਾ ਹੈ। ਸਿਦਕ ਤੇ ਸਾਧਨਾ ਦੀ ਕਮਾਈ ਨਾਲ ਚੇਤਨ ਮਨ ਸਰੀਰ ਵਿਚ ਠਹਿਰਣ ਲੱਗ ਜਾਂਦਾ ਹੈ। ਹੁਣ ਮਨੋਬਲ ਸ਼ਕਤੀਵਰ ਹੋਣ ਲੱਗ ਪੈਂਦਾ ਹੈ। ਚੇਤਨਤਾ ਆਪਣੇ ਆਪ ਨੂੰ ਰਾਜਾ ਮਹਿਸੂਸ ਕਰਦੀ ਹੋਈ ਨਿਰਭਉ ਤੇ ਨਿਰਵੈਰ ਅਵਸਥਾ ਵਿਚ ਵਿਚਰਦੀ ਹੈ। ਇਸ ਦਾ ਵਰਣਨ ਗੁਰੂ ਨਾਨਕ ਦੇਵ ਇਸ ਤਰ੍ਹਾਂ ਕਰਦੇ ਹਨ।

**ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ॥**

(ਭੈਰਉ ਮਹਲਾ ੧, ਅੰਗ ੧੧੨੫)

ਧਾਤ ਮਾਰਗੀ ਆਸਾ-ਮਨਸਾ ਹੁਣ ਸਥਿਰ ਹੋ ਗਈਆਂ, ਚੇਤਨਾ ਸੰਤੋਖਵਾਨ ਹੋ ਗਈ। ਸੰਤੋਖਵਾਨ ਦਾ ਅੰਦਰ ਰੱਜਿਆ ਹੁੰਦਾ ਹੈ। ਉਸ ਅੰਦਰ ਕੋਈ ਕਾਮਨਾ ਨਹੀਂ ਪੈਦਾ ਹੁੰਦੀ। ਗੁਰੂ ਅਮਰ ਦਾਸ ਵਰਣਨ ਕਰਦੇ ਹਨ।

**ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ॥**


(ਵਾਰ ਸੋਰਠਿ ਮਹਲਾ ੩, ਅੰਗ ੬੪੯)

ਚੇਤਨਾ ਟਿਕਾਓ ਵਿਚ ਰਹਿਣ ਕਰਕੇ ਦਿਲ ਮਜਬੂਤ ਹੋ ਜਾਂਦਾ ਹੈ। ਮਨ ਹਰ ਵੱਡੀ ਤੋਂ ਵੱਡੀ ਮੁਸੀਬਤ ਨਾਲ ਸ਼ੰਘਰਸ ਕਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਸਹਿਜ ਗਿਆਨ ਨਾਲ ਚੇਤਨ ਮਨ ਇੰਦਰਿਆਵੀ ਤ੍ਰਿਸ਼ਨਾਵਾਂ ਤੇ ਵਾਸਨਾਤਮਕ ਆਕ੍ਰਸ਼ਣ ਤੋਂ ਮੁਕਤ ਹੋ ਜਾਂਦਾ ਹੈ। ਚੇਤਨਾ ਰੂਹਾਨੀ ਅਵਸਥਾ ਵਿਚ ਵਿਚਰਨ ਕਰਕੇ ਆਨੰਦਮਈ ਵਿਚਰ ਰਹੀ ਹੈ। ਇਹ ਆਨੰਦ ਜਾਗਦਿਆਂ ਤੇ ਸੁੱਤਿਆਂ ਬਣਿਆ ਰਹਿੰਦਾ ਹੈ।

*ਅਸਿਸਟੈਂਟ ਪ੍ਰੋਫ਼ੈਸਰ (ਪੰਜਾਬੀ)
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਯੂਨੀਵਰਸਿਟੀ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ




**ਸੰਤ-** ਕਠਨ ਹੈ, ਪਰ ਹੋ ਜਾਂਦਾ ਹੈ। ਦੂਸਰੇ ਵਿਚਾਰ ਦੀ ਗਲ ਇਹ ਬੀ ਹੈ ਕਿ ਸਰੀਰ ਤੇ ਮਨ ਨੂੰ ਆਪੇ ਜੋ ਦੁਖ ਵਜਾਪਦੇ ਹਨ ਕੀ ਕੁਛ ਥੋੜੇ ਹਨ! ਕੌਣ ਹੈ ਜੋ ਕਦੇ ਬੀਮਾਰ ਨਹੀਂ ਹੁੰਦਾ? ਕੌਣ ਹੈ ਜਿਸਦੇ ਪਜਾਰੇ ਸਾਕ ਸੰਬੰਧੀ ਮਿਤ੍ਰ ਬੀਮਾਰ ਨਹੀਂ ਹੁੰਦੇ ਤੇ ਉਸ ਨੂੰ ਦੁਖ ਦਾ ਹਿੱਸਾ ਨਹੀਂ ਵੰਡਾਉਣਾ ਪੈਂਦਾ? ਕੌਣ ਹੈ ਜਿਸਦਾ ਕੋਈ ਨਹੀਂ ਮਰਦਾ ਤੇ ਵਿਛੋੜੇ ਦੇ ਦੁਖ ਵਿਚ ਉਹ ਨਹੀਂ ਆਉਂਦਾ? ਕੌਣ ਹੈ ਜਿਸਨੂੰ ਅਚਾਨਕ ਸੰਸਾਰ ਦੀਆਂ ਮੁਸ਼ਕਲਾਂ ਨਹੀਂ ਪੈਂਦੀਆਂ? ਕੌਣ ਹੈ ਜੋ ਅਣਕੀਤੇ ਕਰਮਾਂ ਲਈ ਬਦਨਾਮੀਆਂ ਤੇ ਕਠਨਾਈਆਂ ਵਿਚ ਨਹੀਂ ਆਉਂਦਾ? ਫਿਰ ਕੌਣ ਹੈ ਜੋ ਸਾਰਾ ਦਿਨ ਅਯਾਲਦਾਰੀ ਵਿਚ ਨਿਕੇ ਨਿਕੇ ਰੁਸੇਵੇਂ-ਮਨੇਵੇਂ ਉਦਾਸੀਆਂ ਤੇ ਵਧੀਕੀਆਂ ਦੇ ਮੂੰਹ ਨਹੀਂ ਆਉਂਦਾ? ਇਨ੍ਹਾਂ ਆਪੇ ਆ ਪੈਣ ਵਾਲੇ ਦੁਖਾਂ ਦੀ ਭਰਮਾਰ ਕਾਫ਼ੀ ਹੈ। ਜੇ ਮਨ ਨੂੰ 'ਦੁਖ' ਨਾਲ ਹੀ ਸੋਧਦਾ ਹੈ ਤਾਂ ਬੰਦੇ ਨੂੰ ਹਰ ਰੋਜ਼ ਸੋਧਣ ਦਾ ਸਮਾਂ ਮਿਲਦਾ ਹੈ। ਆਪੇ ਆ ਪਏ ਦੁਖਾਂ ਨੂੰ ਦਾਰੂ ਬਣਾ ਲਵੇ, ਤੇ ਵਿਚਾਰ ਤੋਂ ਕੰਮ ਲੈ ਕੇ ਮਨ ਨੂੰ ਵਾਹਿਗੁਰੂ ਦੇ ਨੇੜੇ ਕਰਦਾ ਜਾਏ। ਦੁਖ ਨਾਲ ਹੀ ਜੋ ਅਰਦਾਸ ਵਿਚ ਜੁੜਦਾ ਹੈ ਮਨ ਤਾਂ ਆਪੇ ਆ ਪਏ ਦੁਖਾਂ ਸਮੇਂ ਅਰਦਾਸ ਵਿਚ ਜੁੜੇ ਤੇ ਫੇਰ ਸੁਖ ਵੇਲੇ ਵੀ ਜੁੜੇ ਰਹਿਣ ਦਾ ਸੁਭਾਵ ਬਣਾਵੇ। ਸਤਿਕਾਰ ਯੋਗ ਸਾਧਕ ਜੀਓ! ਗੁਰੂ ਨਾਨਕ ਦੇਵ ਜੀ ਨੇ ਇਸੇ ਕਰਕੇ ਫੁਰਮਾਯਾ ਹੈ ਕਿ ਜੋ ਦੁਖ ਦੀ ਖਾਤਰ ਸਰੀਰ ਨੂੰ ਦੁਖ ਦੇਣੇ ਹਨ ਓਹ ਆਪਣੇ ਆਪ ਲਈ ਆਪੇ ਸਜ਼ਾ ਰੂਪ ਹੋ ਜਾਂਦੇ ਹਨ। ਮਸਲਨ ਜੇ ਰੋਟੀ ਨਾ ਖਾਧੀ, ਤਾਂ ਸਰੀਰ ਨੂੰ ਫਾਕੇ ਦੀ ਸਜ਼ਾ ਮਿਲੀ। ਜੇ ਕਪੜੇ ਨਾ ਪਹਿਨੇ ਤੇ ਗਰਮੀ ਸਰਦੀ ਸਹਾਰੀ ਤਾਂ ਸਰੀਰ ਦਾ ਦੁਖ ਮਨ ਨੇ ਝੱਲਿਆ। ਜੇ ਪੈਰੋਂ ਨੰਗਾ ਫਿਰਿਆ ਤਾਂ ਪੈਰਾਂ ਦੇ ਠਰਨ, ਤਪਣ, ਕੰਡੇ ਚੁਭਣ, ਠੇਡੇ ਖਾਣ ਆਦਿ ਦੀਆਂ ਸਜ਼ਾਵਾਂ ਭੁਗਤੀਆਂ, ਸੋ ਇਸ ਤਰ੍ਹਾਂ ਦੇ ਸਾਰੇ ਕਸ਼ਟ ਸਹਾਰੇ ਓਹ ਜੀਵ ਨੇ ਅਪਣੇ ਕੀਤੇ ਦੇ ਮਾਨੋਂ ਆਪੇ ਦੰਡ ਭੁਗਤੇ।

**ਡਜੂਸ਼ੋਜ਼ਾ-** ਪਰ ਕੀਹ ਇਹ ਕੁਛ ਸਰੀਰ ਯਾ ਮਨ ਦੇ ਦੁਖਾਂ ਬਿਨਾ ਬੀ ਹੋ ਸਕਦਾ ਹੈ?

**ਸੰਤ-** ਇਸ ਪ੍ਰਕਾਰ ਦੇ ਕਸ਼ਟ ਨਵੇਂ ਕਿਉਂ ਸਹੇੜੇ, ਜੋ ਕੁਦਰਤੀ ਆ ਪੈਣ ਓਹ ਕਾਫੀ ਹਨ, ਉਸ ਮਨੁੱਖ ਦੇ ਸਾਧਨਾਂ ਲਈ ਜਿਸਨੇ ਰੱਬ ਜੀ ਦੇ ਪਜਾਰ ਵਿਚ ਆਪਣੇ ਆਪ ਨੂੰ ਉੱਚਾ ਕਰਨਾ ਹੈ। ਹਰ ਘਰ ਵਿਚ ਹਰ ਰੋਜ਼ ਸਾਧਕ ਲਈ ਸਾਧਨਾਂ ਦਾ ਸਮਾਂ ਹੈ। ਘਰ ਦੇ ਬੰਦੇ ਸਾਰੇ ਨਿਆਂ ਤੇ ਥੋੜਾ ਤੁਰਦੇ ਹਨ, ਪਜਾਰ ਵਿਚ ਥੋੜਾ ਵਰਤਦੇ ਹਨ। ਗਲ ਗਲ ਤੇ ਰੁੱਸਣਾ, ਕਉੜਾ ਬੋਲ ਪੈਣਾ, ਆਪੋ ਵਿਚ ਦੂਬਦੂ ਹੋ ਜਾਣਾ, ਹਰੇਕ ਦੀ ਖਿੱਚ ਜੁ ਖੁਦੀ ਵੱਲ ਹੁੰਦੀ ਹੈ, ਇਸ ਤਰ੍ਹਾਂ ਦੇ ਕਿੰਨੇ ਕੁ ਨਿੱਕੇ ਨਿੱਕੇ ਮਾਮਲੇ ਹਨ ਜੋ ਹਰ ਘਰ ਵਾਪਰਦੇ ਹਨ। ਸੋ ਸਾਧਨਾ ਵਾਲਾ ਬੰਦਾ ਰੱਬ ਜੀ ਦੇ ਪਜਾਰ ਵਿਚ ਜੀਉਂਦਾ ਸਭ ਦੀ ਸਹਾਰਦਾ ਹੈ ਤੇ ਸਭ ਨੂੰ ਭਲੇ ਦਾ ਰੁਖ ਦੇਂਦਾ ਹੈ। ਆਪ ਦੁਖੀ ਨਹੀਂ ਹੁੰਦਾ, ਦੁਖੀਆਂ ਨੂੰ ਸੁਖ ਦੇ ਰਸਤੇ ਪਾਉਂਦਾ ਹੈ। ਇਸ ਤਰ੍ਹਾਂ ਉਹਦਾ ਜੇਰਾ ਤੇ ਉਸਦੀ ਸਹਿਨ ਸ਼ੀਲਤਾ ਤੇ ਰੱਬ ਦੇ ਬੰਦਿਆਂ ਨਾਲ ਨੇਕੀ ਕਰਨ ਤੇ ਪਜਾਰਨ ਦਾ ਚਾਉ ਉਸਦਾ ਸਭ ਸੁਭਾਉ ਬਣਦਾ ਜਾਂਦਾ ਹੈ। ਹਾਂ ਤਪ ਹਠ ਕਰਨਾ ਹੈ ਦ੍ਰਿੜ੍ਹਤਾ ਨਾਲ ਨਾਮ ਅਭਜਾਸ।

**ਡਜੂਸ਼ੋਜ਼ਾ-** ਹਾਂ ਸੱਚੀਂ ਸੰਤ ਜੀ! ਇਕ ਹੋਰ ਬੀ ਤਨ ਤੇ ਕਸ਼ਟ ਲੈਣ ਦਾ ਕਾਰਣ, ਸਾਡੇ ਵਿਚ ਪ੍ਰੇਮ ਭਾਵਨਾ ਵਿਚ ਆਕੇ ਵੀ ਤਨ ਤੇ ਕਸ਼ਟ ਸਹਾਰਦੇ ਹਨ। ਉਹ ਇੰਜ ਕਿ ਸਾਡੇ ਅਵਤਾਰ-ਸ੍ਰੀ ਈਸਾ ਜੀ ਨੂੰ ਨਿਰਅਪ੍ਰਾਧ ਹੀ ਸੂਲੀ ਦੇ ਦਿੱਤੀ ਗਈ ਸੀ। ਸਾਡਾ ਉਨ੍ਹਾਂ ਨਾਲ ਪਿਆਰ ਹੈ। ਸਾਡੇ ਕਈ ਸਾਧੂ ਇਸ ਲਈ ਸਰੀਰ ਨੂੰ ਕਸ਼ਟ ਵਿਚ ਰਖਦੇ ਹਨ ਕਿ ਉਹ ਜੋ ਸਾਡੇ ਪ੍ਰੀਤਮ ਹਨ, ਉਹ ਭਜਾਨਕ ਕਸ਼ਟ ਵਿਚ ਆਏ, ਅਸੀਂ ਕਿਉਂ ਸੁਖ ਵਿਚ ਰਹੀਏ। ਸੋ ਇਸ ਤਨ ਨੂੰ ਕਸ਼ਟ ਵਿਚ ਰੱਖਣਾ ਸਾਡੇ ਲਈ ਉਚਿਤ ਹੈ ਉਸ ਪਜਾਰ ਦੇ ਭਾਵ ਵਿਚ ਜੋ ਸਾਡਾ ਉਨ੍ਹਾਂ ਨਾਲ ਹੈ। ਕੀ ਇਸ ਤਰ੍ਹਾਂ ਤਨ ਨੂੰ ਦੁਖ ਦੇਈ ਰੱਖਣਾ ਵੀ ਮਾੜਾ ਹੈ ਆਪਦੇ ਖ਼ਜਾਲ ਵਿਚ?

**ਸੰਤ ਜੀ-** ਪਿਆਰ ਤਾਂ ਮਾੜੀ ਸ਼ੈ ਨਹੀਂ, ਤੇ ਰੱਬ ਜੀ ਦਾ ਪਿਆਰ ਤਾਂ ਹੋਇਆ ਹੀ ਪਰਮ ਉੱਚੀ ਵਸਤੂ। ਪਿਆਰ ਦੇ ਭਾਵ ਵਿਚ ਆ ਕੇ ਆਪ ਨੂੰ ਸੁਖੀ ਨਾ ਰੱਖਣਾ ਤੇ ਪਜਾਰੇ ਲਈ ਕਸ਼ਟ ਝੱਲਣਾ ਬੜੀ ਭਾਰੀ ਕੁਰਬਾਨੀ ਹੈ। ਸਾਡੇ ਦੇਸ਼ ਵਿਚ ਬੀ ਇਕ ਬਜ਼ੁਰਗ ਹੋਏ ਹਨ ਜੋ ਨੇਤ੍ਰਹੀਨ ਸਨ। ਜਦ ਉਨ੍ਹਾਂ ਦਾ ਵਿਵਾਹ ਹੋਇਆ ਤਾਂ ਉਨ੍ਹਾਂ ਦੀ ਇਸਤ੍ਰੀ ਨੇ ਨੈਣਾਂ ਤੇ ਪੱਟੀ ਬੰਨ੍ਹ ਲਈ ਕਿ ਜਿਸ ਸੁਖ ਨੂੰ ਮੇਰੇ ਪ੍ਰੀਤਮ ਜੀ ਨਹੀਂ ਮਾਣ ਰਹੇ, ਮੈਂ ਉਸ ਸੁਖ ਨੂੰ ਕਿਉਂ ਮਾਣਾ। ਇਹ ਬੜੀ ਭਾਰੀ ਕੁਰਬਾਨੀ ਸੀ ਜੋ ਉਹ ਬੀਬੀ ਆਪਣੇ ਆਦਰਸ਼ ਤੋਂ ਆਪਾਵਾਰ ਪ੍ਰੇਮ ਦੀ ਜਗਵੇਦੀ ਤੇ ਭੇਟਾ ਕਰ ਸਕੀ।

**ਡਜੂਸ਼ੋਜ਼ਾ-** ਸਾਡੇ ਵਿਚ ਕਈ ਸੰਤ ਹੋਏ ਹਨ, ਜੋ ਅਪਣੇ ਸਰੀਰ ਨੂੰ ਬਹੁਤ ਦੁਖ ਦੇਂਦੇ ਹੁੰਦੇ ਸਨ। ਕਈਆਂ ਦੇ ਗਲ ਇਕ ਅੰਦਰ ਵਾਰ ਕੁੜਤੀ ਹੁੰਦੀ ਸੀ ਜਿਸ ਵਿਚ ਨਿਕੇ ਨਿਕੇ ਕਿੱਲ ਲੱਗੇ ਹੁੰਦੇ ਸੇ ਜੋ ਸਰੀਰ ਨੂੰ ਚੁੱਭਦੇ ਰਹਿੰਦੇ, ਪੀੜਾ ਕਰਦੇ ਤੇ ਨਿਕੇ ਨਿਕੇ ਫੱਟ ਲਾਉਂਦੇ ਰਹਿੰਦੇ ਸੇ। ਇਸ ਤਰ੍ਹਾਂ ਕਈ ਹੋਰ 'ਆਪਾ ਕੋਹੂ" ਸਾਧਨ ਅਨੇਕਾਂ ਸਾਧੂ ਕਰਦੇ ਰਹੇ ਹਨ। ਇਕ ਵੇਰੀ ਪੰਜ ਹਜ਼ਾਰ ਸੰਤ ਕੱਠੇ ਹੋਏ। ਸਾਡੇ ਇਕ ਕਰਾਮਾਤੀ ਸੰਤ, ਜੋ ਅਤਿ ਦਰਜੇ ਦੇ ਉੱਚੇ ਸਨ, ਉਨ੍ਹਾਂ ਨੇ ਪੰਜ ਸੌ ਸਾਧੂਆਂ ਦੇ ਕਪੜਿਆਂ ਅੰਦਰੋਂ ਕਿੱਲਾਂ ਵਾਲੀਆਂ ਕੁੜਤੀਆਂ ਉਤਰਵਾਈਆਂ, ਜਿਨ੍ਹਾਂ ਨਾਲ ਸਾਰਿਆਂ ਦੇ ਤਨ ਜ਼ਖ਼ਮੀ ਸਨ ਤੇ ਏਹ ਤੁਹਾਨੂੰ ਮੈਂ ਦੱਸਦਾ ਹਾਂ ਕਿ ਉਹ ਸਾਰੇ ਕਪਟੀ ਯਾ ਭੇਖੀ ਨਹੀਂ ਸਨ, ਸਾਰੇ ਇਸ ਪਜਾਰ ਵਿਚ ਸਨ ਕਿ ਸਾਡਾ ਨਿਕਾਰਾ ਤਨ ਕਿਉਂ ਸੁਖੀ ਰਹੇ ਜਦ ਸਾਡੇ ਪ੍ਰੀਤਮ ਦੇ ਤਨ ਵਿਚ ਕਿੱਲ ਚੋਭੇ ਗਏ ਤੇ ਕਸ਼ਟ ਦਿੱਤੇ ਗਏ।

(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)

✧ ✧ ✧ ✧ ✧

# Dr. Amrik Singh: A Quintessential Teacher

❖ **Dr. Mohinder Singh***

While I had heard interesting stories from my seniors in the Khalsa College, Delhi, about Dr. Amrik Singh's commitment to teaching as a profession and his jealously guarding the academic freedom and dignity of fellow teachers against the inroads by the management, it was only in October 1976, that I first met him. After reading one of my article– British Government's Policy Towards the Akali Movement – published in the *Panjab Past and Present*, then edited by Dr. Ganda Singh, Dr. Amrik Singh wrote me a letter appreciating my piece and advising me to publish my dissertation on *The Akali Movement,* for which I had been awarded Ph.D. degree by the University of Delhi that year. He also made a couple of suggestions which I duly incorporated when the book was published by Macmillan in 1978. In the meantime, Dr. Amrik Singh was appointed Vice-Chancellor of Punjabi University, Patiala, and my communication with him came to a halt.



Dr. Amrik Singh
(20.09.1920—23.03.2010)

Our communication revived when he learnt that I have been offered job of Associate Professor in History at Guru Nanak Dev University, Amritsar. He sent me message saying I should meet him during his next visit to Delhi before taking over my new assignment. When I met him at his residence, he told me that he was making serious efforts to induct young academics into various departments of the University and would like me to join as an Associate Professor there. He also advised me to persuade Harjot Oberoi, a bright young scholar, who was then working for his doctoral research under Prof. S. Gopal at JNU, and whom I knew through my guide Prof. Bipan Chandra. Amrik Singh was known for patronising young scholars and it was not very difficult for me to persuade Harjot to join with me in helping the new Vice-Chancellor realise his 'grand plan'. It was during my stay in Patiala that I came in close contact with Dr. Amrik Singh and this lasted till the last days.

While I would not like to repeat Dr. Amrik Singh's experiments in Patiala, which he vividly describes in his book appropriately titled, *Asking for Trouble: What it Means to be a Vice-Chancellor Today*, I would like to share some of my personal encounters and stories to support my argument that Amrik Singh was a quintessential teacher. Soon after taking over his new assignment, Amrik Singh revisited the mandate of establishing a university named after a language – Punjabi. Having been convinced that during its journey, the university had drifted from its *raison d'être*, Amrik Singh made sincere efforts to rejuvenate various departments of the university by inducting young blood and by strictly enforcing rules and regulations of the university. And it was from here that the trouble started for a Vice-Chancellor who was more of a stickler and would not compromise while dealing with students, teachers and the administration. An idealist in him failed to realise that between the years – 1962, when he was invited to join as Professor and Head of the Department of English along with other distinguished teachers like Dr. Karam Singh Gill, who joined as Professor and Head of Economics Department and a year later legendary historian Dr. Ganda Singh as Director of the Department of Punjab Historical Studies – and 1979, University like other institutions had been politicised and as a result the academics were losing their enthusiasm and commitment to the craft called teaching.

Undeterred, Amrik Singh went ahead with his agenda. As the Punjabi University was established with the main objective of promoting Punjabi language, literature and culture, which was the main demand for Punjabi *Suba*, he reviewed the functioning of the Department of Development of Punjabi Language. To his surprise, he discovered that most of the staff including a Senior Professor, who claimed to be sole spokesman of Punjabi, had in reality, no commitment to the purpose for which the department was setup. This teacher was politically close to S. Gurcharan Singh Tohra and others who claimed to be 'Sikh intellectuals' on the University Campus. Unable to defend his position, this scholar started hate campaign against the Vice-Chancellor making false allegations including one that he did not know Punjabi. Shri Prem Bhatia, then Editor of *The Tribune,* published an editorial defending Dr. Amrik Singh's appointments and exposing their ignorance by quoting books in Punjabi written by him which had been prescribed in the University's curriculum much before he joined as Vice-Chancellor. It would be relevant to make some passing remarks about some of the major advances that the University

made in the first year of his appointment which brought the institution known at the national level. He arranged a national seminar on Mahatma Gandhi wherein prominent scholars, including Mahatma's grandson Raj Mohan Gandhi, participated. Ram Gopal Bajaj, who was appointed to head the department of Drama, arranged a play *Jasma Odhan* which attracted audience, not only from city but also from Chandigarh and other towns. Similar was the case when prominent scholars like Romila Thapar, Irfan Habib and Bipan Chandra later visited the University.

Dr. Amrik Singh next paid his attention towards the teachers who were feeling restive as a result of their academic freedom having been curtailed by the previous Vice-Chancellor. While revised pay-scales had been paid to be teaching staff, this was not done in the case of research staff. There were number of other issues which agitated the minds of the teaching community. Unwittingly, the Vice-Chancellor added more to the list by inducting new academics in almost all departments who were thought to be 'outsiders' and were considered 'threat' to the chances of departmental promotion of the existing staff. Rather than listening to the genuine grievances of the teaching community and finding some way out to carry the non-teaching departments with him, the Vice-Chancellor opened Pandora's Box by implementing enquiry committee report about conduct of some of the teachers who broke into the meeting of the Syndicate and ill-treated the previous Vice-Chancellor. It was on this issue that Dr. Amrik Singh got into trap laid by his adversaries. Here I would like to share my intervention on the issue. One evening when I walked into his residence without any prior appointment, I noticed him sitting with a group of teachers and debating the course of action on the Enquiry Committee Report. With list of teachers in his hand he was taking opinion from the Dean, Academic Affairs and other 'trusted friends'. In a typical Patiala style of sycophancy they convinced him that he could take strong action against the 'errant' teachers including termination from service in some cases. Since I knew most of the teachers on the list – G.S. Rahi, G.S. Sekhon, Sucha Singh Gill, Ravi Ravinder and Nirmal Singh Azad, who were sound academics and like the Vice-Chancellor, teacher activists, I intervened in



Prof. V.N. Dutta delivering a lecture at the India International Centre presided by Dr. Manmohan Singh. Shri V.N. Vohra, Prof. B.R. Nanda and Dr. Amrik Singh are also in the picture.



Dr. Amrik Singh with his wife Harsharan Kaur.

the discussion and pointed out that the course of action being suggested by his advisors was neither in the interest of the Vice-Chancellor nor the University. Considering me as an inexperienced teacher who was not familiar with the politics of the University, he disregarded my advice. Had he been practical, he could have used the goodwill and support of these teachers, who personally admired him because of his academic commitment, to counter powerful group with backing of the Sukhjinder Singh, Education Minister, Gurcharan Singh Tohra and even Justice B.S. Dhillon who was annoyed with the VC because he had ignored promotion of his brother-in-law who was teaching Zoology. Without weighing the pros and cons of his contemplated action, he called a meeting of the Syndicate to discuss the report and take appropriate action against the 'errant' teachers. When the teachers learnt about the proposed action, including termination from service in some cases, they approached the politicians, especially the Minister for Education, who was hostile to the Vice-Chancellor from day one, as a result of which the Vice-Chancellor was forced to cancel the meeting of the Syndicate. While the Governor, who as Chancellor of the University, personally admired Dr. Amrik Singh as a scholar, he felt helpless to protect him in the face of strong political opposition.

Dr. Amrik Singh returned to Delhi and re-joined as Secretary of Association of Indian Universities and revived his earlier contacts in Delhi. He had friends from all walks of life with different ideological and political affiliations and was respected for his principled life and integrity. When some of his friends rose to high positions in government, he never sought any personal favours and continued to address them by their first names as before. These included Shri Hamid Ansari (later Vice-President of India), Shri Inder Kumar Gujral and Dr. Manmohan Singh, both of whom occupied the august office of the Prime Minister of India. I would like to narrate an incident. When in January 1998 Gujral Sahib was invited to *Dhup di Mehfil*, an annual feature welcoming New Year in the


sunshine of Bhapa Pritam Singh's Navyug Farm, while organisers were standing on the gate with garlands in their hands to receive the Prime Minister, Amrik Singh kept sitting on a chair in a corner enjoying the sunshine. Upon entrance, Gujral Sahib noticed him and closing his eyes with his hands, asked, "Guess Who?". "Inder of-course", came the prompt reply. Later that year, when we decided to organise an International Seminar in collaboration with the India International Centre on 'Partition in Retrospect', Dr. Amrik Singh wrote a D.O. letter to the Prime Minister and, as usual, addressing him as, "My dear Inder". In the letter he suggested that the Seminar, in which large number of scholars from different countries, including large delegation from Pakistan headed by Senator Aitzaz Ahsan, are participating, it would be appropriate if this was inaugurated by the Prime Minister of India. Gujral Sahib not only consented to inaugurate the Seminar, but also instructed his office to take care of air travel and board and lodging of the foreign scholars. This was a Seminar with a difference in so far as the level of scholarship is concerned.

Dr. Amrik Singh was author of several standard books on Higher Education in India. Though he never got any of his books released, he was tempted to get his book *The Challenge of Education* released by Dr. Manmohan Singh in the hope that recommendations made in the book, will catch the eye of the Prime Minister of India and there will be possibility of some of them being implemented. Dr. Manmohan Singh, who himself is a teacher of international repute, happily released the book and also praised Dr. Amrik Singh, "for devoting whole of his life to understanding the role of education in transforming the society".

When Dr. Manmohan Singh became Prime Minister of India in May, 2004, he delegated the authority of the President of Bhai Vir Singh Sahitya Sadan, New Delhi to Dr. Amrik Singh. For Amrik Singh and the Sadan, this proved to be most creative period as he could arrange serious academic activities without being bothered by any outside interference. Under his guidance, major



Dr. Amrik Singh and S. Jaswant Singh Kanwal after being conferred Honorary D.Litt. degrees by General S.F. Rodrigues the Governor of Punjab and Chancellor of Guru Nanak University, Amritsar. Prof. Jai Roop Singh, the Vice-Chancellor, is also seen in the picture.




Dr. Mohinder Singh, Director of NIPS, welcoming Prime Minister Shri I.K. Gujral.

events were organised by the Sadan : Five regional and One International Seminar to mark quadri-centenary of installation of (Guru) Granth Sahib in the Golden Temple in 1604. The success of the regional seminars held in Pune, Calcutta, Varanasi, Madurai and Amritsar was mainly due to personal intervention by Dr. Amrik Singh, who as the Secretary of Indian Universities for a long period of 17 years (1965-1982), knew all most all the Vice-Chancellors personally. Sadan also organised : (i) The International Seminar on *Guru Granth Sahib and its Context* held in Vigyan Bhawan, New Delhi, was inaugurated by Dr. Manmohan Singh, then Prime Minister of India and (ii) International Seminar on *Pluralistic Vision in Guru Granth Sahib* held in Vigyan Bhawan, New Delhi, was inaugurated by Smt. Pratibha Devisingh Patil, then President of India.

Dr. Amrik Singh was an active member of the Saturday Club of the India International Centre, New Delhi where he often discussed important issues with Shri Soli Sorabjee, Dr. Kapila Vatsayan, Prof. V.N. Datta and Shri N.N.Vohra. In spite of ideological differences, Dr. Amrik Singh enjoyed affectionate relationship with Shri Arun Jaitley, who was his Lodhi Garden walking buddy. I remember an interesting incidence. During the first NDA government, Shri Arun Jaitley was appointed Minister of Information and Broadcasting. After the inaugural of the function in the IIC, when Shri Jaitley was rushing towards his vehicle, I noticed him suddenly walking in the opposite direction as he had spotted Dr. Amrik Singh and wanted to offer his greeting, before getting into his vehicle.

That Dr. Amrik Singh had achieved the mission of his life – getting due respect for the teaching community – was clearly visible during his last journey when the President of India paid him tribute on the national channel, the Vice President and the Prime Minister joined his students and well-wishers in paying their tributes to this quintessential teacher.

*Professor-Director,
National Institute of Panjab Studies,
Bhai Vir Singh Sahitya Sadan, New Delhi

# ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

## ਹਫ਼ਤਾਵਾਰ ਪੰਜਾਬੀ ਪਰਚਾ

**23 ਸਤੰਬਰ, 1920**

## ਹਿਜ਼ ਆਨਰ ਜੀ ਦੇ ਧਜਾਨ ਯੋਗ

ਕੁਛ ਬਰਸਾਂ ਤੋਂ ਇਹ ਉਕਾਈਆਂ ਹੋ ਰਹੀਆਂ ਹਨ ਕਿ ਸਿੱਖਾ ਵਿਚ ਕੇਸਾਂ ਦੀ ਬੇਅਦਬੀ ਕਰਨ ਵਾਲੇ, ਦਾੜ੍ਹਿਆਂ ਦੀ ਬੇਅਦਬੀ ਕਰਨ ਵਾਲੇ ਲੋਕ ਸਰਕਾਰ ਦੇ ਕਿਸੇ ਨਾ ਕਿਸੇ ਸ਼ਕਲ ਵਿਚ ਐਉਂ ਕਿਰਪਾ ਪਾਤ੍ਰ ਬਨ ਜਾਂਦੇ ਹਨ ਕਿ ਮਾਨੋ ਓਹ ਸਿੱਖ ਹਨ, ਪਰ ਇਸ ਗੱਲ ਦਾ ਸਿੱਖਾਂ ਦੇ ਦਿਲਾਂ ਤੇ ਬੜਾ ਬੁਰਾ ਅਸਰ ਪੈਂਦਾ ਹੈ। ਸਿੱਖ ਇਹ ਨਹੀਂ ਸਮਝਦੇ ਕਿ ਸਰਕਾਰ ਨੇ ਸਿੱਖਾਂ ਨੂੰ ਕੁਛ ਦਿੱਤਾ ਹੈ ਸਿੱਖ ਇਹ ਸਮਝਦੇ ਹਨ ਕਿ ਉਹਨਾਂ ਦੇ ਦਿਲ ਦੁਖੇ ਹਨ ਤੇ ਹੱਕ ਕੁਚਲੇ ਗਏ ਹਨ, ਮੇਹਨਤਾਂ ਸਿੱਖ ਕਰਦੇ ਹਨ, ਕੁਰਬਾਨੀਆਂ ਸਿੱਖ ਕਰਦੇ ਹਨ, ਲਾਭ ਅਸਿੱਖ ਲੈ ਜਾਂਦੇ ਹਨ। ਇਸ ਲਈ ਅਸੀ ਹਿਜ਼ ਆਨਰ ਦੀ ਖਾਸ ਤਵੱਜੋ ਇਸ ਪਾਸੇ ਦਿਵਾਉਂਦੇ ਹਾਂ ਕਿ ਅੱਗੋਂ ਨੂੰ ਸਿੱਖਾਂ ਨੂੰ ਵਜ਼ੀਫਿਆਂ ਦੇ ਮਿਲਨ ਵੇਲੇ, ਸਿੱਖਾਂ ਨੂੰ ਮਯੂਨਸੀਪਲ ਕਮੇਟੀਆਂ ਤੇ ਕੌਂਸਲਾਂ ਵਿਚ ਲੈਣ ਵੇਲੇ, ਸਿੱਖਾਂ ਨੂੰ ਖਾਸ ਅਹੁਦੇ ਦੇਣ ਵੇਲੇ, ਸਿੱਖਾਂ ਨੂੰ ਹੋਰ ਉੱਚੇ ਤੋਂ ਉੱਚੇ ਤੇ ਨੀਵੇਂ ਤੋਂ ਨੀਵੇਂ ਅਹੁਦੇ ਤੇ ਜ਼ਿੰਮੇਵਾਰੀਆਂ ਦੇਣ ਵੇਲੇ ਇਹ ਜ਼ਰੂਰ ਦੇਖ ਲਿਆ ਜਾਏ ਕਿ ਪਾਤ੍ਰ ਸਿੱਖ ਹੈ ਕਿ ਨਹੀਂ, ਕੇਸਾਧਾਰੀ ਹੈ ਯਾ ਨਹੀਂ, ਦਾੜ੍ਹੇ ਦੀ ਬੇਅਦਬੀ ਤਾ ਨਹੀਂ ਕਰਦਾ, ਨਾਉਂ ਦਾ ਹੀ "ਸਿੰਘ" ਤਾਂ ਨਹੀਂ ਹੈ। ਇਸ ਪਾਸੇ ਥੋੜੇ ਜਿਹੇ ਧਿਆਨ ਦੇਣ ਨਾਲ ਗਵਰਨਮੈਂਟ ਕੌਮ ਦਾ ਸ਼ੁਕਰੀਆ ਲਵੇਗੀ, ਅਰ ਜੋ ਕੁਛ ਸਿੱਖਾਂ ਲਈ ਦੇਣਾ ਗਵਰਨਮੈਂਟ ਦਾ ਮਨਸ਼ਾ ਹੈ ਉਹ ਸਿੱਖਾਂ ਨੂੰ ਮਿਲੇਗਾ ਤੇ ਇਸਤਰਾਂ ਸਿੱਖਾਂ ਵਿਚ ਸ਼ਾਂਤੀ ਫੈਲੇਗੀ, ਨਹੀਂ ਤਾਂ ਦੇਣ ਦਾ ਪ੍ਰਯੋਜਨ ਹੀ ਗੁੰਮ ਹੋ ਜਾਂਦਾ ਹੈ ਤੇ ਅਸ਼ਾਂਤੀ ਬਣੀ ਦੀ ਬਣੀ ਰਹਿੰਦੀ ਹੈ, ਸਗੋਂ ਕਲੇਜੇ ਦੀ ਪੀੜ ਹੋਰ ਵਧ ਜਾਂਦੀ ਹੈ।

## ਫੌਜੀ ਖਾਲਸਾ ਜੀ ਲਈ ਕ੍ਰਿਪਾਨ ਦੀ ਖੁੱਲ੍ਹ

ਪਿਛਲੇ ਬਿਨੈ ਪੱਤ੍ਰ ਵਿੱਚ ਪ੍ਰਗਟ ਕੀਤਾ ਗਿਆ ਸੀ ਜੋ ਦੀਵਾਨ ਦੀ ਬਿਨੈ ਦੇ ਉਤ੍ਰ ਵਿੱਚ ਸ੍ਰੀ ਕਮਾਂਡਰ ਇਨ ਚੀਫ ਜੀ ਵੱਲੋਂ ਜਵਾਬ ਆਇਆ ਸੀ ਜੋ ਗਵਰਨਮੈਂਟ ਦੀਵਾਨ ਦੀ ਬਿਨੈ ਤੇ ਵਿਚਾਰ ਕਰ ਰਹੀ ਹੈ ਤੇ ਭਰੋਸਾ ਹੈ ਜੋ ਕੁਝ ਤਸੱਲੀ ਬਖਸ਼ ਫੈਸਲਾ ਹੋ ਜਾਵੇਗਾ। ਹੁਣ ਸ੍ਰੀ ਕਮਾਂਡਰ ਇਨ ਚੀਫ ਵੱਲੋਂ ਦੀਵਾਨ ਦੇ ਦਫਤ੍ਰ ਵਿੱਚ ਖਤ ਪਹੁੰਚਾ ਹੈ, ਜਿਸ ਵਿੱਚ ਪਰਗਟ ਕੀਤਾ ਗਿਆ ਹੈ ਕਿ ਚੀਫ ਖਾਲਸਾ ਦੀਵਾਨ ਦੀ ਅਰਜ਼ ਦਾਸਤ ਤੇ ਜੋ ਫੌਜੀ ਖਾਲਸੇ ਲਈ (ਬਰਦੀ ਦੇ ਨਾਲ ਤੇ ਐਵੇਂ) ਕ੍ਰਿਪਾਨ ਪੈਹਨਣ ਦੀ ਖੁਲ੍ਹ ਹੋਣੀ ਜ਼ਰੂਰੀ ਹੈ, ਵੀਚਾਰ ਹੋਣ ਤੇ ਸਰਕਾਰ ਹਿੰਦ ਦੇ ਖਾਲਸਾ ਜੀ ਦੀ ਖਿਦਮਾਤ ਦਾ ਲਿਹਾਜ਼ ਕਰਕੇ ਦੀਵਾਨ ਦੀ ਬਿਨੈ ਪ੍ਰਵਾਨ ਕਰ ਲਈ ਹੈ, ਤੇ ਸਰਕਾਰ ਨੇ ਫੌਜੀ ਖਾਲਸਾ ਨੂੰ ਵਰਦੀ ਵਿਚ ਤੇ ਸਾਫ ਕਪੜਿਆਂ ਵਿਚ (ਦੋਹਾਂ ਹਾਲਤਾਂ ਵਿਚ) ਕ੍ਰਿਪਾਨ ਦੇ ਪੈਹਨਣ ਦੀ ਆਗਜਾ ਦੇ ਦੇਣੀ ਪ੍ਰਵਾਨ ਕਰ ਲਈ ਹੈ। ਕ੍ਰਿਪਾਨ ਦੇ ਨਮੂਨੇ ਤੇ ਵਰਦੀ ਨਾਲ ਪੈਹਨਣ ਦੇ ਢੰਗ ਤਸ਼ਫੀਏ ਹੋਣ ਤੇ ਫੌਜੀ ਹੁਕਮ ਇਸ ਬਾਰੇ ਵਿਚ ਜਾਰੀ ਹੋ ਜਾਣਗੇ।

ਦਾਸ— ਭਗਤ ਸਿੰਘ, ਸੁਪ੍ਰੰਟੰਡੰਟ ਚੀਫ ਖਾਲਸਾ ਦੀਵਾਨ

## ਮਹੰਤ ਪ੍ਰੇਮ ਸਿੰਘ ਜੀ ਵਲੋਂ ਪੰਥਕ ਸੇਵਾ

ਸਭ ਤੋਂ ਪਹਿਲੇ ਇਨ੍ਹਾਂ ਮਹਾਤਮਾ ਦਾ ਸਿੱਖਾਂ ਨੂੰ ਸਿਖੀ ਦਾਇਰੇ ਵਿਚ ਲਿਆਉਣ ਲਈ ਜੋ ਯਤਨ ਕਈ ਚਿਰਾਂ ਤੋਂ ਸ਼ੁਰੂ ਹੋ ਕੇ ਅਜ ਤੀਕ ਜਾਰੀ ਹੈ, ਪ੍ਰਤੀ ਬਿਨੈ ਹੈ, ਕਿ ਅਨਗਿਣਤ ਸਿੱਖਾਂ ਨੂੰ ਅੰਮ੍ਰਿਤਧਾਰੀ ਤੇ ਸੈਹਜਧਾਰੀ ਅਨਮਤੀਆਂ ਨੂੰ ਕੇਸਾਧਾਰੀ ਬਨਾਉਣ ਤੋਂ ਛੁਟ ਕੇਵਲ ਪਿਛਲੇ ਤਿੰਨਾਂ ਸਾਲਾਂ ਵਿਚ ਦਸ ਹਜ਼ਾਰ ਦੇ ਲਗ ਭਗ ਸਿੰਘ ਸਿੰਘਣੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਅਦੁਤੀ ਪਰ ਉਪਕਾਰ ਕੀਤਾ ਹੈ। ਜਿਲੇ ਗੁਜਰਾਂਵਾਲੇ, ਸ਼ੇਖੂਪੁਰਾ, ਲਾਇਲਪੁਰ, ਤੇ ਖਾਸ ਕਰ ਜ਼ਿਲਾ ਗੁਜਰਾਤ ਦੀ ਸਿਖੀ ਵਿਚ ਅਜ ਦੀਆਂ ਥਾਈਂ ਜਿਥੇ ਕਦੀ ਕੋਈ ਨਹੀਂ ਪਹੁੰਚਿਆ, ਤਕਲੀਫ ਸਹਿਕੇ ਪੂਰਨ ਪ੍ਰਚਾਰ ਕੀਤਾ। ਆਪ ਦੇ ਹੀ ਯਤਨ ਨਾਲ ਗੁਰਮਤ ਦੇ ਪੁਰਾਣੇ ਤੇ ਪਕੇ ਵਿਰੋਧੀ ਭੀ ਗੁਰਮਤ ਦੇ ਝੰਡੇ ਬਰਦਾਰ ਹਨ, ਹੁਣੇ ਹੀ ਇਕ ਧਨਾਢ ਸਿਵਲ ਸਰਜਨ ਰਾਇ ਬਹਾਦਰ ਕੈਸਰ ਹਿੰਦ ਗੋਲਡ ਮੈਡਲਿਸਟ ਸ੍ਰਦਾਰ ਸੁੰਦ੍ਰ ਸਿੰਘ ਜੀ ਬਜੁਰਗ ਵਾਲ (ਗੁਜਰਾਤ) ਨਿਵਾਸੀ, ਜੋ ਕਈ ਚਿਰਾਂ ਤੋਂ ਅਨਮਤੀਆਂ ਦੀ ਕੁਸੰਗਤ ਕਰਕੇ ਸਿੱਖੀ ਖਾਨਦਾਨ ਤੋਂ ਪਤਤ ਹੋ ਚੁਕੇ ਸੀ, ਨੂੰ ਆਪਣੀ ਆਤਮਕ ਸ਼ਕਤੀ ਦਵਾਰਾ ਨਿਹਾਲ ਕਰਕੇ ਫੇਰ ਗੁਰੂ ਘਰ ਦਾ ਇਤਨਾ ਵਿਸ਼ਵਾਸੀ ਅਤੇ ਸ੍ਰਧਾਲੂ ਬਣਾਯਾ ਕਿ ਉਸਨੇ ਨਿਰਯਤਨ ਹੀ 10000) ਰੁਪੈ ਦੀ ਰਕਮ ਖਾਲਸਾ ਹਾਈ ਸਕੂਲ ਬਜੁਰਗਵਾਲ (ਗੁਜਰਾਤ) ਲਈ ਇਕ ਦਮ ਪ੍ਰਦਾਨ ਕੀਤੀ ਤੇ ਅਗੋਂ ਲਈ ਸ੍ਰਬੰਸ ਦਾਨ ਦੇਣ ਲਈ ਤਿਆਰ ਹੈ ਤੇ ਇਕ ਸਿਖ ਕੰਨਿਆਂ ਪਾਠਸ਼ਾਲਾ ਖੋਹਲ ਦਿੱਤੀ ਹੈ।

"ਵਿਦਿਆ ਵੀਚਾਰੀ ਤਾਂ ਪਰਉਪਕਾਰੀ" ਇਸ ਗੁਰੂ ਵਾਕ ਨੂੰ ਸਿੱਧ ਕਰਨ ਲਈ ਜੋ ਯਤਨ ਸ੍ਰੀਮਾਨ ਜੀ ਨੇ ਕੀਤੇ ਹਨ ਸੋ ਆਪ ਨੂੰ ਉਹਨਾਂ ਦੇ ਗੁਜਰਾਤ ਜੇਹੇ ਅਵਿਦਕ ਜ਼ਿਲੇ ਦੇ ਪਿੰਡਾਂ ਵਿਚ ਖਾਲਸਾ ਹਾਈ ਸਕੂਲ ਬਜੁਰਗਵਾਲ ਦੀ ਬੁਨਿਆਦ ਰੱਖਣ ਤੇ ਖਾਲਸਾ ਮਿਡਲ ਸਕੂਲ ਖਾਰੀਆਂ ਦੀ ਮਾਲੀ ਤੇ ਅੰਤ੍ਰੰਗ ਕਮਜ਼ੋਰੀਆਂ ਕਰਕੇ ਬਿਲਕੁਲ ਟੁਟ ਜਾਣ ਤੋਂ ਬਚਾ ਕੇ 20000) ਰੁਪੈ ਦੀ ਭਾਰੀ ਰਕਮ ਪੱਕੀ ਗੋਲਕ ਵਾਸਤੇ ਪ੍ਰਦਾਨ ਕਰਕੇ ਨਿਤਾਣੇ ਕੌਮੀ ਆਸ਼ਰਮ ਨੂੰ ਸੁਰਜੀਤ ਕਰਨ ਤੋਂ ਸਪਸ਼ਟ ਪ੍ਰਗਟ ਹੈ। ਇਸਤੋਂ ਛੁਟ ਕਈ ਕੁ ਖਾਲਸਾ ਪ੍ਰੈਮਰੀ ਸਕੂਲਾਂ ਨੂੰ ਆਪ ਦੇ ਮੁਰੱਬੀ (ਪੈਟਰਨ) ਹੋਣ ਦਾ ਭਾਰੀ ਮਾਣ ਹੈ।

ਇਹਨਾਂ ਵੇਲੇ ਕੁਵੇਲੇ ਦੇ ਪੰਥਕ ਪ੍ਰਉਪਕਾਰਾਂ ਤੋਂ ਵਧੀਕ ਆਪ ਦੀ ਕ੍ਰਿਪਾਲਤਾ ਨਾਲ ਅਤੁਟ ਲੰਗਰ ਜਾਰੀ ਹੈ ਅਤੇ ਹਰ ਰੋਜ਼ ਘਟੋ ਘਟ 100 ਦੇ ਲਗ ਪਗ ਅਨਾਥ ਤੇ ਨਿਤਾਣੇ ਸਿੱਖ ਭਾਈ ਪ੍ਰਵਰਿਸ਼ ਪਾਂਦੇ ਹਨ, ਕਈ ਕੁ ਰਾਗ ਵਿਦਜਾ ਤੇ ਉਪਦੇਸ਼ ਵਿਚ ਪ੍ਰਬੀਨ ਹੋਕੇ ਪੰਥ ਪ੍ਰਚਾਰ ਕਰ ਰਹੇ ਹਨ। ਵਾਕਿਆ ਈ ਨਿਮਾਣਿਆਂ ਦਾ ਮਾਣ ਤੇ ਨਿਤਾਣਿਆਂ ਦਾ ਤਾਣ ਤੇ ਨਿਥਾਵਿਆਂ ਦਾ ਥਾਉਂ ਵਾਲਾ, ਨਮੂਨੇ ਦਾ ਗੁਰ ਅਸਥਾਨ ਮੁਰਾਲਾ ਗੁਰਦਵਾਰਾ ਆਪ ਦੀ ਕ੍ਰਿਪਾਲਤਾ ਦ੍ਵਾਰਾ ਹੀ ਹੈ, ਕਈ ਯਤੀਮ ਬੱਚੇ ਜਿਨ੍ਹਾਂ ਨੂੰ ਸੰਬੰਧੀ ਬੋਝ ਸਮਝਕੇ ਇਥੇ ਛਡ ਜਾਂਦੇ ਹਨ, ਇਥੇ ਲਾਡਲੇ ਬੱਚਿਆਂ ਵਾਂਗੂੰ ਪਾਲ ਪੋਸਕੇ ਉਹਨਾਂ ਦੁਖੇ ਹਿਰਦਿਆਂ ਦੀਆਂ ਅਸੀਸਾਂ ਪ੍ਰਾਪਤ ਕੀਤੀਆ ਜਾਂਦੀਆਂ ਹਨ।

ਦਾਸ— ਭਾਈ ਵਿਸਾਖਾ ਸਿੰਘ ਗਿਆਨੀ

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੩, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੧੭}

ਵਡਹੰਸੁ ਮਹਲਾ ੫, ਚਉਪਦਾ ੬-੨੧ ੴ ਸਤਿਗੁਰ ਪ੍ਰਸਾਦਿ॥

| ਮੂਲ | ਅਰਥ |
|---|---|
| ਵਡਹੰਸੁ ਮਹਲਾ ੫॥ ਸਾਧ ਸੰਗਿ ਹਰਿ ਅੰਮ੍ਰਿਤੁ ਪੀਜੈ॥ ਨਾ ਜੀਉ ਮਰੈ ਨ ਕਬਹੂ ਛੀਜੈ॥੧॥ | ਸਾਧੂ ਦੀ ਸੰਗਤਿ ਵਿਚੋਂ (ਜੇ) ਵਾਹਿਗੁਰੂ (ਨਾਮ) ਦਾ ਅੰਮ੍ਰਿਤ (ਰਸ) ਪੀਵੀਏ ਤਾਂ ਨਾ ਕਦੇ ਜੀਵ ਮਰਦਾ ਹੈ, ਨਾ ਛਿਜਦਾ ਹੈ, (ਭਾਵ ਦੁਖੀ ਹੁੰਦਾ ਹੈ)॥੧॥ |
| ਵਡਭਾਗੀ ਗੁਰੁ ਪੂਰਾ ਪਾਈਐ॥ ਗੁਰ ਕਿਰਪਾ ਤੇ ਪ੍ਰਭੂ ਧਿਆਈਐ॥੧॥ਰਹਾਉ॥ | (ਨਾਮ ਗੁਰੂ ਤੋਂ ਮਿਲਦਾ ਹੈ) ਵੱਡੇ ਭਾਗਾਂ ਨਾਲ ਪੂਰਾ ਗੁਰੂ ਮਿਲਦਾ ਹੈ, ਗੁਰੂ ਦੀ ਕਿਰਪਾ ਨਾਲ ਪ੍ਰਭੂ ਦਾ (ਨਾਮ) ਸਿਮਰੀਦਾ ਹੈ॥੧॥ਰਹਾਉ॥ |
| ਰਤਨ ਜਵਾਹਰ ਹਰਿ ਮਾਣਕ ਲਾਲਾ॥ ਸਿਮਰਿ ਸਿਮਰਿ ਪ੍ਰਭ ਭਏ ਨਿਹਾਲਾ॥੨॥ | ਹਰੀ (ਦਾ ਨਾਮ) ਰਤਨ ਹੈ, ਜਵਾਹਰ ਹੈ, ਮਾਣਕ ਹੈ, ਲਾਲ ਹੈ, (ਭਾਵ ਅਤਿ ਅਮੋਲਕ ਹੈ। ਉਸ) ਪ੍ਰਭੂ (ਨੂੰ) ਸਿਮਰ ਸਿਮਰਕੇ (ਅਸੀਂ) ਸੁਖੀ ਹੋਏ ਹਾਂ॥੨॥ |
| ਜਤ ਕਤ ਪੇਖਉ ਸਾਧੂ ਸਰਣਾ॥ ਹਰਿ ਗੁਣ ਗਾਇ ਨਿਰਮਲ ਮਨੁ ਕਰਣਾ॥੩॥ | ਜਿੱਧਰ ਕਿਧਰੇ ਨਜ਼ਰ ਮਾਰਦਾ ਹਾਂ (ਇਕ) ਸਾਧੂ ਦੀ ਸ਼ਰਣ ਹੀ (ਆਸਰਾ ਦਿੱਸਦੀ ਹੈ, ਸੋ ਉਨ੍ਹਾਂ ਦੇ ਸੰਗ ਵਿਚ) ਹਰੀ ਦੇ ਗੁਣ ਗਾ ਕੇ ਮਨ ਨੂੰ ਨਿਰਮਲ ਕਰਨਾ ਹੈ॥੩॥ |
| ਘਟ ਘਟ ਅੰਤਰਿ ਮੇਰਾ ਸੁਆਮੀ ਵੂਠਾ॥ ਨਾਨਕ ਨਾਮੁ ਪਾਇਆ ਪ੍ਰਭੁ ਤੂਠਾ॥੪॥੬॥ | (ਉਂਞ) ਹਿਰਦੇ ਹਿਰਦੇ ਵਿਚ ਮੇਰਾ ਮਾਲਕ ਵੱਸ ਰਿਹਾ ਹੈ, (ਪਰ ਉਹ ਜਦ ਕਿਸੇ ਨੇ) ਨਾਮ ਪਾਇਆ ਤਦ ਹੀ (ਉਸ ਉੱਤੇ) ਤ੍ਰੁੱਠਾ (ਮੇਹਰਬਾਨ ਹੋਇਆ) ਹੈ, ਹੇ ਨਾਨਕ! ॥੪॥੬॥ |

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਡਾ. ਬਲਜੀਤ ਸਿੰਘ ਦੀ ਕੈਨੇਡਾ ਯੂਨੀਵਰਸਿਟੀ ਦੇ ਵਾਈਸ-ਪ੍ਰੈਜ਼ੀਡੈਂਟ ਦੇ ਤੌਰ ਤੇ ਚੋਣ



ਨਾਮਵਰ ਖੋਜੀ, ਸਿੱਖਿਆ ਸ਼ਾਸਤਰੀ ਅਤੇ ਪ੍ਰਸ਼ਾਸਕ ਡਾ. ਬਲਜੀਤ ਸਿੰਘ ਦੀ ਕੈਨੇਡਾ ਦੀ ਸਸਕੈਚਵੈਨ ਯੂਨੀਵਰਸਿਟੀ ਦੇ ਵਾਈਸ-ਪ੍ਰੈਜ਼ੀਡੈਂਟ ਦੇ ਅਹੁਦੇ ਲਈ ਚੋਣ ਕੀਤੀ ਗਈ ਹੈ। 1 ਫ਼ਰਵਰੀ, 2021 ਨੂੰ ਉਹ ਇਸ ਅਹੁਦੇ ਦਾ ਕਾਰਜਭਾਰ ਸੰਭਾਲ ਲੈਣਗੇ। ਇਸ ਸਮੇਂ ਉਹ ਕੈਨੇਡਾ ਦੀ ਕੈਲਗਰੀ ਯੂਨੀਵਰਸਿਟੀ ਵਿਖੇ ਵੈਟਨਰੀ ਮੈਡੀਸਨ ਦੇ ਡੀਨ ਵਜੋਂ ਸੇਵਾ ਨਿਭਾ ਰਹੇ ਹਨ। ਡਾ. ਬਲਜੀਤ ਸਿੰਘ ਨੇ ਵੈਟਨਰੀ ਸਾਇੰਸ 'ਚ ਬੈਚਲਰ ਤੇ ਮਾਸਟਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵੈਟਨਰੀ ਸਾਇੰਸ ਕਾਲਜ ਤੋਂ ਕੀਤੀ ਜੋ ਕਿ ਬਾਅਦ ਵਿਚ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਦੇ ਤੌਰ ਤੇ ਸਥਾਪਤ ਹੋਇਆ। ਉਨ੍ਹਾਂ ਆਪਣੀ ਪੀਐਚ.ਡੀ. ਉਨਟਾਰੀਓ ਦੀ ਗਲੇਫ਼ ਯੂਨੀਵਰਸਿਟੀ ਤੋਂ ਕੀਤੀ। ਵੈਟਨਰੀ ਮੈਡੀਸਨ ਅਤੇ ਪਸ਼ੂਆਂ ਦੇ ਫੇਫੜਿਆਂ ਦੀ ਸੋਜਿਸ਼ ਸੰਬੰਧੀ ਖੋਜ 'ਚ ਉਹਨਾਂ ਦਾ ਵਿਸ਼ੇਸ਼ ਸਥਾਨ ਹੈ।

## ਇੰਜ. ਜਸਵੰਤ ਸਿੰਘ ਗਿੱਲ ਦੇ ਨਾਂ ਤੇ ਕੌਮੀ ਐਵਾਰਡ ਸਥਾਪਤ



ਧਨਬਾਦ (ਝਾਰਖੰਡ) ਦੀ ਸੰਸਥਾ ਆਈ.ਆਈ.ਟੀ. (ਇੰਡੀਅਨ ਸਕੂਲ ਆਫ਼ ਮਾਈਨਿੰਗ) ਨੇ ਇੰਜਨੀਅਰ ਜਸਵੰਤ ਸਿੰਘ ਗਿੱਲ ਦੀ ਯਾਦ ਵਿਚ ਉਹਨਾਂ ਦੇ ਨਾਂ ਤੇ 'ਇੰਜਨੀਅਰ ਜਸਵੰਤ ਸਿੰਘ ਗਿੱਲ ਮੈਮੋਰੀਅਲ ਇੰਡਸਟਰੀਅਲ ਸੇਫ਼ਟੀ ਐਵਾਰਡ' ਸਥਾਪਿਤ ਕੀਤਾ ਹੈ। ਇੰਜਨੀਅਰ ਗਿੱਲ ਜਿਹਨਾਂ 13 ਨਵੰਬਰ, 1989 ਨੂੰ ਪੱਛਮੀ ਬੰਗਾਲ ਦੀ ਮਹਾਂਬੀਰ ਕੋਲੇ ਦੀ ਖਾਣ, ਰਾਣੀਗੰਜ 'ਚ ਪਾਣੀ ਭਰਨ ਕਾਰਨ ਉਸ 'ਚ ਫਸੇ ਹੋਏ 65 ਮਜ਼ਦੂਰਾਂ ਨੂੰ ਆਪਣੀ ਸਿਦਕ, ਬਹਾਦੁਰੀ ਅਤੇ ਕਲਾ-ਕੌਸ਼ਲਤਾ ਨਾਲ ਸੁਰੱਖਿਅਤ ਬਾਹਰ ਕੱਢ ਲਿਆ ਸੀ। ਉਹਨਾਂ ਦੀ ਕੀਤੀ ਇਸ ਅਮੋਲਕ ਸੇਵਾ ਨੂੰ ਧਿਆਨ 'ਚ ਰੱਖਦਿਆਂ 1991 'ਚ ਰਾਸ਼ਟਰਪਤੀ ਵੱਲੋਂ ਉਨ੍ਹਾਂ ਨੂੰ 'ਸਰਬੋਤਮ ਰਕਸ਼ਾ ਪਦਕ' ਦਾ ਸਨਮਾਨ ਦਿੱਤਾ ਗਿਆ ਸੀ।

## ਸਾਹਿਤ ਚਿੰਤਕ ਡਾ. ਸਤਿੰਦਰ ਕੌਰ ਔਲਖ ਦਾ ਦੇਹਾਂਤ



ਪੰਜਾਬੀ ਲੋਕਧਾਰਾ, ਭਾਸ਼ਾ ਵਿਗਿਆਨ ਅਤੇ ਪੰਜਾਬੀ ਬਿਰਤਾਂਤ 'ਚ ਨਿੱਗਰ ਯੋਗਦਾਨ ਪਾਉਣ ਵਾਲੀ ਡਾ. ਸਤਿੰਦਰ ਕੌਰ ਔਲਖ (70) ਦਾ 13 ਸਤੰਬਰ ਨੂੰ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਲੱਡ ਕੈਂਸਰ ਨਾਲ ਪੀੜਤ ਹੋਣ ਕਾਰਨ ਲੁਧਿਆਣਾ ਦੇ ਸੀਐਮਸੀ ਵਿਚ ਜ਼ੇਰੇ-ਇਲਾਜ ਸਨ। ਡਾ. ਔਲਖ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਤੋਂ ਸੇਵਾਮੁਕਤ ਹੋਏ ਸਨ। ਇੱਥੇ ਉਨ੍ਹਾਂ ਤਕਰੀਬਨ ਢਾਈ ਦਹਾਕੇ ਅਧਿਆਪਨ ਅਤੇ ਖੋਜ ਦਾ ਕੰਮ ਕੀਤਾ। ਲੋਕਧਾਰਾ ਅਤੇ ਭਾਸ਼ਾ ਵਿਗਿਆਨ ਉਹਨਾਂ ਦੇ ਪਸੰਦੀਦਾ ਵਿਸ਼ੇ ਸਨ ਅਤੇ ਇਹਨਾਂ ਤੇ ਖੋਜ ਕਰਦਿਆਂ ਉਹਨਾਂ ਛੇ ਖੋਜ-ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਅਤੇ ਅਨੇਕਾਂ ਖੋਜ-ਪੱਤਰ ਵੀ ਲਿਖੇ। ਆਪ ਦੇ ਚਲਾਣੇ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਸੰਧੂ, ਰਜਿਸਟਰਾਰ ਪ੍ਰੋ. ਕਰਮਜੀਤ ਸਿੰਘ ਬਾਹਲੋਂ ਸਮੇਤ ਅਨੇਕਾਂ ਵਿਦਵਾਨਾਂ ਅਤੇ ਪੰਜਾਬੀ ਸਾਹਿਤ ਸੰਸਥਾਵਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਭਾਈ ਵੀਰ ਸਿੰਘ ਸਾਹਿਤ ਸਦਨ ਡਾ. ਸਤਿੰਦਰ ਕੌਰ ਔਲਖ ਦੇ ਪਤੀ ਪ੍ਰੋ. ਪਰਮਿੰਦਰ ਸਿੰਘ ਤੇ ਉਹਨਾਂ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦਾ ਹੈ।

## ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ 'ਚ ਗੁਰਮਤਿ ਸਮਾਗਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਦੁੱਤੀ ਬਹਾਦਰੀ ਦੀ ਪ੍ਰਤੀਕ ਬਣੀ ਸਾਰਾਗੜ੍ਹੀ ਦੀ ਜੰਗ 'ਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਾਇਆ। ਇਸ ਮੌਕੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਭਾਈ ਸਿਮਰਜੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਇਸ ਮੌਕੇ ਕਥਾ ਕਰਦਿਆਂ ਕਥਾਵਾਚਕ ਭਾਈ ਹਰਮਿੰਤਰ ਸਿੰਘ ਨੇ ਸਾਰਾਗੜ੍ਹੀ ਦੀ ਜੰਗ 'ਚ ਸ਼ਹੀਦਾਂ ਦੀ ਅਦੁੱਤੀ ਵੀਰਤਾ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਇਸ ਮੌਕੇ ਬੋਲਦਿਆਂ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ- ਸਾਰਾਗੜ੍ਹੀ ਦੀ ਜੰਗ ਦੇ ਸ਼ਹੀਦ ਕੌਮ ਦਾ ਸਰਮਾਇਆ ਹਨ ਜਿਨ੍ਹਾਂ ਤੋਂ ਸਾਡੀ ਅਜੋਕੀ ਪੀੜ੍ਹੀ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ। ✧✧